੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਜੰਗ ਨਾਲੇ ਜੋਗ


## ਭਾਈ ਸਾਹਿਬ ਭਾਈ ਵੀਰ ਸਿੰਘ



## ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ

ਨਵੀਂ ਦਿੱਲੀ-110 001 ਫੋਨ : 23363510

**Jang Nale Jog**

*Bhai Sahib Bhai Vir Singh*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਅਡੀਸ਼ਨ ਜਨਵਰੀ 2005

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

*ਪ੍ਰਿੰਟਰ :*
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਮੁੱਲ : **20/-** ਰੁਪਏ

 www.sikhbookclub.com

# ਬੇਨਤੀ

ਇਹ ਲੇਖ "ਜੰਗ ਨਾਲੇ ਜੋਗ" ਪਹਿਲੀ ਵਾਰੀ ਗੁਰਪੁਰਬ ਪੋਹ ਸੁਦੀ ਸਪਤਮੀ ਲਈ, ਜੋ (੨, ਜਨਵਰੀ, ੧੯੪੪) ਪੋਹ ਦੀ ੧੮ ਸੰ:ਗੁ:ਨਾ:ਸਾ: ੪੭੫, ਬਿ: ੨੦੦੦ ਐਤਵਾਰ ਨੂੰ ਸੀ, ਟ੍ਰੈਕਟ ਦੇ ਰੂਪ ਵਿਚ ਛਪਿਆ ਤੇ ਪ੍ਰਚਾਰਿਆ ਗਿਆ ਸੀ। ਇਸ ਤੋਂ ਬਾਦ ਇਹ ਕਦੋਂ ਕਦੋਂ ਛਪਿਆ, ਇਸਦਾ ਵੇਰਵਾ ਪੂਰਾ ਨਹੀਂ ਮਿਲ ਸਕਿਆ। ਕਿਸੇ ਸਜਨ ਪਾਸ ਹੋਵੇ ਤਾਂ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੂੰ ਲਿਖ ਭੇਜਣਾ ਜੀ। ਅਸੀਂ ਧੰਨਵਾਦੀ ਹੋਵਾਂਗੇ।

ਇਕ ਵਾਰੀ ਇਹ ਟ੍ਰੈਕਟ ੧ ਜਨਵਰੀ, ੧੯੯੩ ਵਿਚ ਛਪਿਆ ਸੀ ਤੇ ਉਸ ਤੋਂ ਮਗਰੋਂ ਹੁਣ ੨੦੦੫ ਵਿਚ ਕੰਪਿਊਟਰਾਇਜ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਇਹ ਯਤਨ ਕਰਦਿਆਂ ਕੋਈ ਅਸ਼ੁੱਧੀਆਂ ਯਾ ਤ੍ਰੁਟੀਆਂ ਰਹਿ ਗਈਆਂ ਹੋਣ ਤਾਂ ਵੀ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੂੰ ਲਿਖਣ ਦੀ ਕ੍ਰਿਪਾਲਤਾ ਕਰਨੀ ਜੀਓ। ਅਸੀਂ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

ਭਾਈ ਵੀਰ ਸਿੰਘ ਸਾਹਿਤ ਸਦਨ

ਜਨਵਰੀ, ੨੦੦੫

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਜੰਗ ਨਾਲੇ ਜੋਗ

## ੧. ਜੰਗ

**ਹੁਨਾਲੇ** ਦੀ ਰੁਤ, ਵਿਸਾਖ ਦਾ ਮਹੀਨਾ, ਗਰਮੀ ਤ੍ਰਿੱਖੀ ਤੇ ਚੁਭਵੀਂ, ਪਰ ਚਲ ਰਹੀ ਹੈ ਨਾਲ ਤ੍ਰਿੱਖੀ ਹਵਾ। ਮਾਲਵਾ ਦੇਸ਼ ਹੈ, ਇਕ ਉੱਚੀ ਟਿੱਬੀ ਹੈ, ਇਸ ਟਿੱਬੀ ਤੇ ਖਾਲਸਾ ਜੀ ਹਨ ਤੇ ਟਿੱਬੀ ਦੇ ਉਚੇਰੇ ਥਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੀਰ ਆਸਨ ਜਮਾਏ ਕਿਸੇ ਕਿਸੇ ਵੇਲੇ ਇਕ ਭਜਾਨਕ ਤੀਰ ਛੋੜ ਦੇਂਦੇ ਹਨ ਜੋ ਸ਼ੂਕਦਾ ਚਲਾ ਜਾਂਦਾ ਹੈ, ਡਾਢੀ ਦੂਰ ਵਾਟ ਤੇ ਖਿਦਰਾਣੇ ਦੀ ਢਾਬ ਉਤੋਂ ਦੀ ਸ਼ਾਹੀ ਲਸ਼ਕਰ ਤੇ ਜਾਕੇ ਪੈਂਦਾ ਹੈ ਫਨੀਅਰ ਵਾਂਙੂ। ਇੰਨੇ ਨੂੰ ਆ ਗਿਆ 'ਖਾਨਾ'। ਪਹਿਰੇ ਦੇ ਸਿੰਘਾਂ ਨੇ ਪਛਾਣ ਲਿਆ ਤੇ ਲੰਘ ਜਾਣ ਦਿੱਤਾ ਸਾਹਿਬਾਂ ਪਾਸ।

ਖਾਨਾ (ਨੇੜੇ ਆ, ਧਰਤੀ ਤੇ ਸਿਰ ਧਰ, ਮੱਥਾ ਟੇਕ ਤੇ ਹੱਥ ਜੋੜਕੇ ਖੜਾ ਹੋ ਗਿਆ)- ਪਾਤਸ਼ਾਹ! ਅੱਜ ਦਾ ਰੰਗ ਮੁਕ ਗਿਆ। ਆਪ ਸਿਆਣ ਹੀ ਗਏ ਹੋਸੋ।

ਗੁਰੂ ਜੀ- ਹਾਂ ਹੁਣ ਮੜੈਲਾਂ ਵਲੋਂ ਤੀਰ ਗੋਲੀ ਨਹੀਂ ਜਾਂਦੀ ਦੀਹਦੀ, ਨਾਂ ਹੀ ਤਲਵਾਰ, ਸਾਂਗ, ਸੈਹਥੀ ਦੇ ਨਾਲ ਗਜਦੇ ਜੈਕਾਰੇ ਗੂੰਜਦੇ ਸੁਣਾਈ ਦਿੰਦੇ ਹਨ, ਚੁਪ ਹੈ; ਪਰ ਦੱਸ ਕਿ ਤੂੰ ਵਿਚ ਫਿਰਦਾ ਅੱਖੀਂ ਵੇਖਕੇ ਕੀਹ ਆਇਆ ਹੈਂ?

 www.sikhbookclub.com

ਖਾਨਾ– ਪਾਤਸ਼ਾਹ! ਜਦ ਮਝੈਲਾਂ ਵਲੋਂ ਚੁਪ ਹੋ ਗਈ।..... ਹਾਂ ਸਚੀ, ਚੁਪ ਤਾਂ ਹੀ ਹੋਈ ਜਾਂ ਸਾਰੇ ਸ਼ਹੀਦ ਹੋ ਗਏ, (ਅਝਕ ਕੇ) ਹਾਂ ਮੇਰੀ ਜਾਚੇ, ਸਾਰੇ ਸ਼ਹੀਦ ਹੋ ਗਏ। ਫੇਰ ਇਕ ਦਸਤਾ ਵਜ਼ੀਰੇ ਨੇ ਘੱਲਿਆ ਕਿ ਦੇਖੋ ਕੀਹ ਗਲ ਹੈ। ਜਦ ਤਸੱਲੀ ਹੋ ਗਈਓਸੁ ਤਾਂ ਢਾਬ ਤੋਂ ਪਾਣੀ ਲੈਣ ਲਈ ਇਕ ਦਸਤਾ ਅੱਗੇ ਵਧਿਆ। ਜਦ ਢਾਬ ਸੁੱਕੀ ਪਾਣੀ ਤੋਂ ਸੱਖਣੀ ਪਈ ਦੀ ਖਬਰ ਇਸ ਦਸਤੇ ਨੇ ਲਿਆਕੇ ਦਿੱਤੀ ਤਾਂ ਕੀਹ ਵਜ਼ੀਰ ਖਾਂ ਤੇ ਕੀਹ ਉਸ ਦੇ ਸਰਦਾਰ ਸਭਨਾਂ ਦੇ ਸਿਰ ਪਾਣੀ ਪੈ ਗਿਆ। ਸਰਦਾਰਾਂ ਤੋਂ ਫੇਰ ਆਨ ਫਾਨ ਵਿਚ ਖਬਰ ਲਸ਼ਕਰ ਵਿਚ ਫੈਲ ਗਈ ਕਿ ਜਿਸ ਪਾਣੀ ਲਈ ਲੜੇ ਮਰੇ ਸਾਂ ਉਹ ਪਾਣੀ ਤਾਂ ਸੁਰਾਬ* ਹੋ ਨਿਕਲਿਆ। ਆਬ ਦੀ ਥਾਵੇਂ ਢਾਬ ਤਾਂ ਪਾਣੀ ਦੀ ਅਣਹੋਂਦ ਨਾਲ ਭਰੀ ਪਈ ਹੈ। ਇਹ ਸੁਣਕੇ ਹਫਲਾ ਤਫਲੀ ਪੈ ਗਈ। ਵਜ਼ੀਰ ਖਾਂ ਨੇ ਦਲ ਨੂੰ ਵਿਆਕੁਲ ਵੇਖਕੇ ਸਾਡੇ ਚੋਧਰੀ ਨੂੰ ਸੱਦਕੇ ਮਸਲਤ ਪੁੱਛੀ। ਉਸ ਨੇ ਕਿਹਾ, "ਖਾਂ ਸਾਹਿਬ, ਮੈਦਾਨ ਮਾਰ ਲਿਆ ਨੇ, ਰਹਿ ਬਣ ਆਈ ਹੈ। ਹੁਣ ਜੇ ਏਥੇ ਠਹਿਰਨਾ ਜੇ ਤਾਂ ਢਾਬ ਖੁਦਾ ਦੇ ਹੁਕਮ ਨਾਲ ਬੇਆਬ ਪਈ ਹੈ। ਹਾਂ ਬੰਦਾ ਤਾਂ ਨਹੀਂ ਨਾ ਕੋਈ ਰਾਤੋ ਰਾਤ ਪੀ ਗਿਆ, ਖੁਦਾ ਦਾ ਹੀ ਹੈ ਨਾ ਹੁਕਮ। ਨਾਂ ਸਿੱਖਾਂ ਨੇ ਸੁਕਾ ਦਿੱਤੀ ਏ, ਜੋ ਇਸ ਸੁੱਕੀ ਸੜੀ ਵਿਚ ਡਟੇ ਤੁਸਾਂ ਨਾਲ ਲੜਦੇ ਸਾਰਾ ਦਿਨ ਸ਼ਹੀਦੀ ਦੇ ਸ਼ਰਬਤ ਨਾਲ ਬੁੱਲ੍ਹ ਹਰੇ ਕਰਦੇ ਪਾਰਲੇ ਲੋਕ ਨੂੰ ਕੌਸਰ (ਸੁਰਗਾਂ ਵਿਚ ਮਿਠੇ ਪਾਣੀ ਦਾ ਸਰੋਵਰ) ਦਾ ਪਾਣੀ ਪੀਣ ਟੁਰ ਗਏ ਹਨ। ਅੱਲਾ ਦਾ ਹੁਕਮ ਹੀ ਸਮਝੋ। ਹੁਣ ਰੱਬ ਭਲਾ ਕਰੇ ਸਭਸਦਾ, ਅਗੇ ਚਲੋ ਪਾਣੀ ਦੀ ਭਾਲ ਵਿਚ ਤਾਂ ਤੀਹ ਕੋਹ ਪੰਧ ਜੇ, ਤੇ ਜੇ ਮੁੜੇ ਪਿੱਛੇ ਤਾਂ ਜੇ ਅੱਠ ਦਸ ਕੋਹ ਦੇ ਆਨ ਮਾਨ। ਮੇਰੀ ਮਲਵਈ ਦੀ ਮਤ ਵਿਚ ਏਥੇ ਠਹਿਰਨਾ ਯਾ ਅੱਗੇ ਵਧਣਾਂ ਬਿਨ ਆਈਓਂ ਮਰਨਾ ਜੇ। ਮੌਤ, ਹਾਂ ਜੀਓ, ਮੌਤ ਦੇ ਟੋਏ ਵਿਚ ਛਾਲ ਮਾਰਨੀ ਏ ਆਪੇ, ਤੇ ਸਲਾਮਤੀ, ਹਾਂ ਪਿੱਛੇ ਹੀ ਮੁੜਨ ਵਿਚ ਸਲਾਮਤੀ ਏ। ਅੱਠੀਂ ਦਸੀਂ ਕੋਹੀਂ ਪਹਿਰ ਦੋਪਹਿਰ ਵਿਚ ਜਾ ਪਾਣੀ ਦੇ ਮੱਥੇ ਲੱਗਾਂਗੇ। ਓਥੇ ਹੈ ਖੁਲ੍ਹਾ ਲਸ਼ਕਰ ਜੋਗਾ ਪਾਣੀ, ਅੱਗੋਂ ਜਿਵੇਂ ਹੁਕਮ

 www.sikhbookclub.com

ਸੁਲਤਾਨੀ।" ਐਦਾਂ ਚੌਧਰੀ ਨੇ ਬੇਝੱਕ ਹੋਕੇ ਖਰੀ ਖਰੀ ਗਲ ਆਖ ਦਿੱਤੀ ਜੇ ਪਾਤਸ਼ਾਹ!

ਲਓ ਗੁਰੂ ਜੀ! ਇਹੋ ਜੇਹੀ ਗਲ ਬਾਤ ਦੇ ਮਗਰੋਂ ਨੂਾਬ ਨੇ ਸਰਦਾਰਾਂ ਨੂੰ ਸੱਦਿਆ। ਓਹ ਬੀ ਸੁਣਕੇ ਘਬਰਾਏ ਹੋਏ ਆਖਣ ਲਗੇ-ਹਜ਼ੂਰ! ਵੈਰੀ ਮਾਰਕੇ ਬਾ-ਦਿਲ ਹੋਇਆ ਦਲ ਬੇਦਿਲ ਹੋ ਰਿਹਾ ਹੈ। ਭਾਵੇਂ ਅਸਾਂ ਸਾਰੇ ਵੈਰੀ ਮਾਰ ਲਏ ਹਨ, ਇਕ ਨਹੀਂ ਜੀਉਂਦਾ ਛੱਡਿਆ, ਫਤੇ ਦਾ ਡੰਕਾ ਵਜਾ ਲਿਆ ਹੈ ਤੇ ਫਤੇ ਹੋ ਬੀ ਗਈ ਏ ਸੱਚ ਮੁੱਚ, ਪਰ ਸੁੱਕੀ ਬੇਆਬੀ ਢਾਬ ਮੂੰਹ ਪਾੜ ਪਾੜ ਕੇ ਪੈਂਦੀ ਏ ਪਾਣੀ ਵਾਂਙੂ ਪੀ ਜਾਣ ਨੂੰ ਤੇ ਨਿਤਰਿਆ ਹੋਇਆ ਬੇਬਾਦਲ ਅਸਮਾਨ ਦਲ ਨੂੰ ਬੇਦਿਲ ਕਰ ਰਿਹਾ ਹੈ ਤੇ ਹਰ ਸਿਪਾਹੀ ਅਲਅਤਸ਼, ਅਲਅਤਸ਼* ਕਹਿ ਰਿਹਾ ਹੈ ਤੇ ਅਗੇ ਵਧਣੋਂ ਪੈਰ ਸੰਕੋਚ ਰਿਹਾ ਹੈ। 'ਨਾਂਹ' ਤਾਂ ਅਜੇ ਨਹੀ ਕਰਦੇ, ਪਰ ਜੇਕਰ ਕਰ ਦੇਣ ਤਾਂ ਸ਼ਾਹੀ ਰੋਹਬ ਕੀ ਰਹਿਸੀ ਤੇ ਸਿੱਖ ਖਬਰੇ ਵਣ ਵਣ ਵਿਚੋਂ ਉਗਮ ਪੈਣ ਤੇ ਕੀਹ ਕੀਹ ਕਰ ਗੁਜ਼ਰਨ। ਮਾਲਵਾ ਹੈ ਸ਼ੇਰਾਂ ਦਾ ਘੁਰਾ। ਇਸ ਲਈ ਪਿੱਛੇ ਮੁੜਨਾ ਠੀਕ ਲਗਦਾ ਹੈ। ਪਸ਼ੂ ਬੀ ਘਬਰਾ ਰਹੇ ਹਨ। ਚੌਧਰੀ ਨੇ ਗਲ ਖਰੀ ਆਖੀ ਏ, ਇਹ ਜਾਣਕਾਰ ਏ ਦੇਸ਼ ਦਾ, ਖੈਰਖ਼ਾਹ ਏ ਸਰਕਾਰ ਦਾ। ਹੁਣ ਫਤੇ ਦੀ ਗੋਲੀ ਮੂੰਹ ਵਿਚ ਪਾਓ ਤੇ ਪਾਣੀ ਦਾ ਘੁੱਟ ਪੀਕੇ ਅੰਦਰ ਲੰਘਾਉਣ ਲਈ ਮੁੜ ਪਓ ਪਿੱਛੇ। ਜਿੱਥੇ ਲੈ ਚਲੇ ਚੌਧਰੀ।

ਸੋ ਇਸ ਤਰ੍ਹਾਂ ਦੇ ਮਸ਼ਵਰੇ ਹੋ ਹਵਾਕੇ, ਗੁਰੂ ਜੀਓ! ਮਗਰ ਪਿਛੇ ਕੂਚ ਦਾ ਫੈਸਲਾ ਹੋ ਗਿਆ। ਮੈਂ ਚੁਪਾਤੇ ਖਿਸਕ ਆਯਾ ਹਾਂ ਕਿ ਆਪ ਨੂੰ ਖੁਸ਼ੀ ਦੀ ਖਬਰ ਪੁਚਾ ਦਿਆਂ ਕਿ ਵੈਰੀ ਟੁਰ ਗਏ ਜੇ ਤੇ ਸੱਜਣ ਜੋ ਕੱਲ ਬੇਦਾਵੇ ਪਏ ਲਿਖਦੇ ਤੇ ਮੂੰਹ ਮੈਲਾ ਪਏ ਕਰਦੇ ਸਨ ਅੱਜ ਸਨਮੁਖ ਜੂਝਦੇ ਆਪਣੇ ਮੂੰਹ ਆਪਣੇ ਲਹੂ ਨਾਲ ਧੋਕੇ ਸੁਰਖਰੂ ਹੋਏ, ਆਪ ਦੇ ਰਾਹਾਂ ਨੂੰ ਪਏ ਬਿੱਟ ਬਿੱਟ ਤੱਕਦੇ ਹਨ ਕਿ ਕਦ ਆਉਣ ਮਿਹਰਾਂ ਦੇ ਸਾਈਂ ਤੇ ਕਰ ਲੈਣ ਸਾਡੇ ਦਰਸ਼ਨ, ਅਸੀਂ ਜੁ ਨਾਂ ਰਹੇ ਦਰਸ਼ਨ ਕਰਨ ਜੋਗੇ।

---

* ਹਾਇ ਪਿਆਸ, ਹਾਇ ਤ੍ਰੇਹ।

 www.sikhbookclub.com

ਸਾਹਿਬ ਡਾਢੇ ਧਿਆਨ ਨਾਲ ਅੱਖਰ ਅੱਖਰ ਸੁਣਦੇ ਰਹੇ। ਸੁਣਕੇ ਮੁਸਕ੍ਰਾਂਦੇ ਬੀ ਰਹੇ ਵਿਚ ਵਿਚ, ਫਿਰ ਬੋਲੇ:- ਖਾਨਿਆਂ! ਤੂੰ ਤਾਂ ਅਜ ਮਹਾਨ ਕਵੀਆਂ ਵਾਂਗ ਗਲਾਂ ਕੀਤੀਆਂ ਹਨ। ਸੁਹਣਿਆਂ ਕਿਤੇ ਪੜ੍ਹਦਾ ਸੁਣਦਾ ਰਿਹਾ ਏਂ ਕਿ ਤੂੰ ਬੀ ਕੋਈ ਕਾਲੀ ਦਾ ਦਾਸ ਏਂ, ਦੂਜਾ ਕਾਲੀ ਦਾਸ?

ਖਾਨਾ- ਪਾਤਸ਼ਾਹ! ਲੋਕੀ ਤਾਂ ਆਜਜ਼ੀ ਨਾਲ ਆਪਣੇ ਆਪ ਨੂੰ 'ਮੂਰਖ' ਆਖ ਲੈਂਦੇ ਹਨ ਤੇ ਮੈਨੂੰ ਤਾਂ ਕਹਿੰਦੇ ਹੀ 'ਮੁਰੱਖਾ'* ਹਨ। ਮੁਰੱਖਾ ਨਾਮ 'ਮੂਰਖ' ਦਾ ਹੋਣਾ ਹੈ? ਬਾਕੀ ਅਸੀਂ ਲੋਕ ਰਾਜ ਦਰਬਾਰੀ ਹਾਂ, ਕੁਛ ਗਲਾਂ ਕਰ ਹੀ ਲੈਂਦੇ ਹਾਂ; ਫੇਰ ਪਾਤਸ਼ਾਹ! ਆਪ ਦੀ ਸੇਵਾ ਵਿਚ ਚਾਉ ਚੜ੍ਹ ਰਿਹਾ ਹੈ ਤੇ ਸਾਹਿਬ ਦਾ ਜਲਵਾ ਸੇਵਕ ਦੇ 'ਚਾਉ ਨਾਲ ਨਿਰਮਲ ਹੋਏ ਦਿਲ-ਨੀਰ' ਵਿਚ ਪੈ ਰਿਹਾ ਹੈ। **'ਬੋਲਾਇਆ ਬੋਲੀ ਤੇਰਾ'** ਮੈਂ ਸਿਖ ਪੜ੍ਹਦੇ ਸੁਣੇ ਹਨ।

ਸਾਹਿਬ ਫੇਰ ਮੁਸਕ੍ਰਾਏ-ਸ਼ਾਬਾਸ਼ ਖਾਨਾਂ ਤੂੰ ਬੜਾ ਨਿਮਕ ਹਲਾਲ ਹੈਂ ਆਪਣੇ ਮਾਲਕ ਦਾ ਤੇ ਸਾਡਾ ਸੱਚਾ ਸਾਦਿਕ ਨਿਕਲਿਆ ਹੈਂ। ਇਹ ਕਹਿਕੇ ਆਪ ਬੀਰ ਆਸਨ ਤੋਂ ਉੱਠੇ, ਤੀਰ ਕਮਾਨ ਹੱਥੋਂ ਧਰਿਆ ਤੇ ਖਾਨੇ ਦੇ ਸਿਰ ਤੇ ਪਜਾਰ ਦੇਕੇ ਬਾਕੀ ਸੂਰਿਆਂ ਨੂੰ ਤੀਰ ਭੱਥੇ ਰੱਖਣੇ ਦੀ ਆਗਜਾ ਕਰਕੇ ਟਹਿਲਣ ਲਗ ਪਏ। ਕੁਛ ਚਿਰ ਮਗਰੋਂ ਪਹਿਰੇ ਤੋਂ ਇਕ ਸਿੰਘ ਆਇਆ ਤੇ ਖਾਨੇ ਨੂੰ ਕੰਨ ਵਿਚ ਕਹਿਣ ਲਗਾ 'ਧੌਲੂ' ਆਇਆ ਖੜਾ ਹੈ।

ਖਾਨਾ ਸਿਰ ਨਿਵਾਕੇ ਚਲਾ ਗਿਆ ਤੇ ਉਸ ਨਾਲ ਗੱਲਾਂ ਕਰਕੇ ਸਾਹਿਬਾਂ ਦੇ ਚਰਨਾਂ ਵਿਚ ਫੇਰ ਆ ਗਿਆ:- ਪਾਤਸ਼ਾਹ ਤੁਰਕ ਦਲ ਟੁਰ ਗਿਆ ਹੈ ਸਾਰਾ। ਨਵਾਬ, ਸਰਦਾਰ, ਲਸ਼ਕਰ ਸਭ ਸਫਨ ਸਫਾ ਹੋ ਗਏ, ਮੈਦਾਨ ਖਾਲੀ ਪਿਆ ਹੈ ਜੀਉਂਦੇ ਵੈਰੀਆਂ ਤੋਂ, ਹਾਂ ਭਰਿਆ ਪਿਆ ਹੈ ਮਰੇ ਵੈਰੀਆਂ ਨਾਲ, ਟੁੰਡ ਮੁੰਡ ਰੁੰਡ ਨਾਲ, ਤੜਫਦੇ ਤੇ ਨਾ ਤੁਰ ਸਕਣ ਜੋਗੇ

---

* ਮੁਰੱਖਾ ਪਦ ਦਾ ਮੂਲ ਹੈ 'ਮੁਹਰੇ ਰਖਿਆ' ਭਾਵ ਰਹਨੁਮਾਈ ਕਰਨ ਵਾਲਾ। 'ਖਾਨਾ' ਇਸ ਪਦ ਦੇ ਅਰਥ 'ਮੁਰੱਖਾ' ਨੂੰ ਮੂਰਖ ਤੋਂ ਬਣਿਆ ਦੱਸ ਰਿਹਾ ਹੈ, ਇਕ ਕਟਾਖਜ ਸੱਟਣੇ ਲਈ।

 www.sikhbookclub.com

ਨਾ ਲਿਜਾਏ ਜਾ ਸਕਣ ਵਾਲੇ ਘਾਇਲਾਂ ਨਾਲ* ਧੌਲਾ ਸਾਰੇ ਸੂੰਹ ਲੈ ਆਇਆ ਹੈ, ਪੱਕੀ ਸੱਚੀ ਖਬਰ ਲਿਆਇਆ ਏ ਕਿ ਕੋਈ ਵੈਰੀ ਬਾਕੀ ਨਹੀਂ ਰਿਹਾ। ਇਧਰ ਢਾਬ ਭਰੀ ਪਈ ਹੈ ਸਨਮੁਖ ਜੂਝਦੇ, ਰਤੂ ਨਾਲ ਹੋਲੀਆਂ ਖੇਡਣ ਵਾਲੇ, ਆਪਣੇ ਸਿਰਾਂ ਦੇ ਕੁੰਮਕੁਮੇ ਉਡਾਉਂਦੇ ਆਪਾ ਵਾਰ ਦੂਲਿਆਂ ਨਾਲ ਜੋ ਆਪ ਦੇ ਆਖਰੀ ਦਰਸ਼ਨ ਲੈਣ ਕਿ ਆਪ ਨੂੰ ਆਪਣੇ ਆਖਰੀ ਦਰਸ਼ਨ ਦੇਣ ਲਈ ਮਾਨੋ ਉਡੀਕ ਵਿਚ ਹੈਨ। ਤੇਰੇ ਸਿੱਖ ਗੁਰੂ ਜੀ ਪੜ੍ਹਦੇ ਮੈਂ ਸੁਣੇ ਹਨ:-

*"ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥"*

ਪੁੱਛੋ ਨਾਂ ਹੁਣ ਚੱਲਕੇ, ਮਰੇ ਪਿਆਂ ਨੂੰ, ਪੁਤਰ ਜੁ ਹੋਏ। ਸਭ ਤੇਰੇ ਹੀ ਹਨ- ਕੋਈ ਅਦਬਾਂ ਵਾਲੇ, ਕੋਈ ਲਾਡਲੇ, ਕੋਈ ਵਿਗੜਕੇ ਸੰਵਰੇ, ਵਿਚ ਖਾਨਾ ਬੀ ਏ ਖਿਡਾਵਾ, ਟਹਿਲੀਆ ਤੇਰੇ ਸੁਹਣੇ ਪੁਤ੍ਰਾਂ ਦਾ, ਪਰ ਭੁਲਣਹਾਰ ਹੈ।

ਸਾਹਿਬ ਹੱਸ ਪਏ, ਖਾਨੇ ਨੂੰ ਥਾਪੜਾ ਦਿਤਾ ਤੇ ਦਸ ਸਿੰਘ ਟੋਰੇ ਜੋ ਅੱਗੇ ਚੱਲਣ ਤੇ ਸੂੰਹ ਭਾਲ ਵਿਚ ਪਹੁੰਚਣ ਤੇ ਕਿਸੇ ਪਜਾਰੇ ਨੂੰ ਲੋੜ ਹੋਵੇ ਤਾਂ ਪਾਣੀ ਪਾਣੀ ਦੀ ਸੇਵਾ ਕਰਨ। ਮਗਰੋਂ ਆਪ ਬੀ ਉਸ ਸੁੱਕੇ ਪਾਣੀਆਂ ਦੀ ਢਾਬ ਵਿਚ ਰੱਤੂ ਦੇ ਲਹਿ ਲਹਾਉਂਦੇ ਲਹਿਰੇ ਵੇਖਣ ਲਈ ਤਯਾਰ ਹੋ ਪਏ ਤੇ ਖਾਨੇ ਨੂੰ ਕਹਿਣ ਲਗੇ:-

ਕਿਉਂ ਬਈ ਖਾਨਾ! ਸਿੰਘ ਸਾਰੇ ਸ਼ਹੀਦ ਹੋ ਗਏ ਕਿ ਕੋਈ ਜੀਉਂਦਾ ਬੀ ਹੋਸੀ ਤੇ ਕੋਈ ਜਾਗਦਾ ਬੀ?

ਖਾਨਾ- ਪਾਤਸ਼ਾਹ ਮੈਂ ਵਿਚ ਫਿਰਕੇ ਤਾਂ ਨਹੀਂ ਡਿੱਠਾ, ਪਰ ਜਦ ਤੜ ਭੜ ਬੰਦ ਹੋ ਗਈ ਸੀ ਤਾਂ ਇਹੋ ਜਾਣ ਪੈਂਦਾ ਸੀ ਕਿ ਕੋਈ ਲੜਨ ਜੋਗਾ

* ਇਮ ਕਹਿ ਬਾਗ ਤੁਰੰਗਮ ਪ੍ਰੇਰੀ। ਚਲਜੋ ਸ਼ੀਘ੍ਰ ਕਰ ਸਭਿ ਕੋ ਪ੍ਰੇਰੀ॥੨੪॥
ਮ੍ਰਿਤੁ ਤੌ ਤਜੇ ਹੁਤੇ ਤਿਸ ਠੌਰਾ। ਘਾਇਲ ਕਹੁ ਬੀ ਛੋਰਤ ਦੌਰਾ।
ਬਿਨ ਜਲ ਤੇ ਤਰਫਤ ਬਹੁ ਮਰੇ। ਬਿਨ ਸਮਰਥ ਰਣ ਥਲ ਜੇ ਪਰੇ॥੨੫॥(ਗੁ:ਪ੍ਰ:ਸੂ:੬੦੨੬)


www.sikhbookclub.com

ਵਿਚ ਨਹੀਂ ਰਿਹਾ। ਫੇਰ ਮੈਂ ਆਪ ਵਲ ਆਉਣ ਤੋਂ ਪਹਿਲਾਂ ਚੌਧਰੀ ਨੂੰ ਪੁੱਛਿਆ ਸੀ: ਤੂੰ ਨੂਾਬ ਦੇ ਨਾਲ ਹੋ ਆਇਆ ਏਂ, ਦੱਸ ਕਿ ਸਿੰਘ ਸਾਰੇ ਹੀ ਮਾਰੇ ਗਏ ਕਿ ਕੋਈ ਹੈ ਜੀਉਂਦਾ, ਜਿਸ ਦੀ ਦਾਰੀ ਉਸਦੀ ਜਿੰਦ ਦੀ ਉਡਾਰੀ ਨੂੰ ਠੱਲਾ ਪਾ ਸਕੇ। ਤਾਂ ਚੌਧਰੀ ਨੇ ਕਿਹਾ ਮੈਂ ਸਰਸਰੀ ਨਜ਼ਰ ਮਾਰੀ ਹੈ, ਕੋਈ ਕੋਈ ਸਿਸਕਦਾ ਹੈ ਪਰ ਕੋਈ ਬਚਦਾ ਦੀਹਦਾ ਨਹੀਂ। ਚੌਧਰੀ ਦਾ ਹਾਲ ਬੀ ਪਾਤਸ਼ਾਹ! ਚੋਰ ਦੀ ਮਾਂ ਵਾਲਾ ਸੀ ਨਾਂ, ਗੁੱਸੇ ਨਾ ਹੋਣਾ, ਪਾਤਸ਼ਾਹ! ਜੇ ਆਪਣੇ ਭਰਾਵਾਂ ਨੂੰ ਤੱਕੇ ਤਾਂ ਰੋਵੇ ਤੇ ਜੇ ਰੋਵੇ ਤਾਂ ਤੁਰਕ ਨਾਲ ਵਿਗੋਵੇ। ਸਿਖ ਹੋਯਾ ਆਪਦਾ, ਝੂਠ ਬੋਲਣਾ ਨਾਂ ਹੋਇਆ, ਫੇਰ ਨੀਤੀ ਵਰਤਣੀ ਹੋਈ। ਪਾਤਸ਼ਾਹ ਤੇਰੀ ਪਾਈ ਸਿਖਾਈ ਔਖੀ ਨੀਤੀ, ਨਾਲੇ ਸੱਚ ਨਾਲੇ ਨੀਤੀ। ਸੋ ਚੌਧਰੀ ਸੱਚ ਦੱਸੀ ਗਿਆ ਪਾਣੀ ਦਾ ਤੇ ਮਗਰੋਂ ਲਾਹੀ ਗਿਆ ਆਪਣਿਓਂ ਚਊਂ ਚਊਂ ਕਰਦੇ ਜ਼ਾਲਮ ਨੂੰ। ਹਾਂ, ਪਾਤਸ਼ਾਹ! ਚੌਧਰੀ ਇਕ ਗਲ ਹੋਰ ਕਰ ਗਿਆ ਏ, ਆਪਣੇ ਮਾਤਬਰਾਂ ਨੂੰ ਛੋੜ ਗਿਆਂ ਏ ਕਿ ਜੇ ਕੋਈ ਸਿੱਖ ਬਚਣ ਵਾਲਾ ਹੋਵੇ ਤਾਂ ਉਸ ਘਾਇਲ ਨੂੰ ਲਾਗਲੇ ਪਿੰਡਾਂ ਵਿਚ ਚੁਪਾਤੇ ਸਿੱਖਾਂ ਤੇ ਘਰੀਂ ਪੁਚਾ ਦੇਣ। ਮੈਨੂੰ ਏਨਾਂ ਈ ਪਤਾ ਏ ਪਾਤਸ਼ਾਹ! ਤੁਸੀਂ ਹੁਣ ਚਲੋ ਆਪਣੀ ਨਦਰੀ ਨਦਰ ਨਿਹਾਲ ਕਰਨ ਵਾਲੀਆਂ ਨਦਰਾਂ ਨਾਲ ਵੇਖ ਲਓ ਤੇ ਰੱਖ ਲਓ ਨੈਣਾਂ ਦੇ ਆਬੇਹਯਾਤ ਨਾਲ ਹਯਾਤੀ ਦਾਨ ਕਰਕੇ, ਜਿਸ ਨੂੰ ਜੀ ਚਾਹੇ ਆਪ ਦਾ ਏਥੇ ਰਖਣ ਨੂੰ, ਯਾ ਮੇਹਰ ਨਦਰਾਂ ਨਾਲ ਤਾਰ ਕੇ ਕਰ ਦਿਓ ਪਾਰ ਬੇ ਪਾਣੀਆਂ ਦੀ ਢਾਬ ਵਰਗੇ ਭਉਜਲ ਤੋਂ, ਜਿਨਾਂ ਨੂੰ ਘਲਣਾ ਜੇ ਅੱਗੇ।

## ੨.

**ਵਜ਼ੀਰ ਖਾਂ** ਨੂਾਬ ਸਰਹਿੰਦ ਅਨੰਦ ਪੁਰ ਦੇ ਯੁੱਧ ਵਿਚ ਸਹੁੰਵਾਂ ਸੁਗੰਧਾਂ ਚਾਕੇ, ਕੁਰਾਨ ਜ਼ਾਮਨ ਦੇਕੇ, ਸਣੇ ਕਾਜ਼ੀ ਸਾਹਿਬ ਦੇ ਤੇ ਪਹਾੜੀ ਰਾਜਿਆਂ ਦੇ, ਗੁਰੂ ਸਾਹਿਬ ਨਾਲ ਧ੍ਰੋਹ ਕਰ ਚੁਕਾ ਸੀ, ਜੋ ਕਿਲੇ ਵਿਚੋਂ ਨਿਕਲਕੇ ਸਹੀ ਸਲਾਮਤ ਆਪਣੇ ਰਾਹੇ ਚਲੇ ਜਾਣ ਦੀ ਅਮਾਨ ਦੇਕੇ ਬਾਹਰ ਨਿਕਲਿਆਂ ਦਾ ਪਿੱਛਾ ਕਰਕੇ ਆ ਪਿਆ ਸੀ। ਰੋਪੜ ਲਾਗੇ ਤਾਂ ਸਖਤ

ਕਟਾ ਵੱਢ ਕੀਤੀਓਸੁ। ਫੇਰ ਗੁਰੂ ਜੀ ਚਮਕੌਰ ਆ ਠਹਿਰੇ ਤਾਂ ਓਥੇ ਬੀ ਫੌਜਾਂ ਘੱਲਕੇ ਮੁਹਾਸਰਾ ਕੀਤਾ ਤੇ ਸਰਹਿੰਦ ਕਿ ਦਿੱਲੀ ਤੋਂ ਮੰਗਾਈ ਤਾਜ਼ਾ ਫੌਜ ਸਮੇਤ ਟੁੱਟ ਪਿਆ। ਓਥੇ ਲਗ ਪਗ ਸਾਰੇ ਸਾਥੀ ਤੇ ਦੋ ਸਾਹਿਬਜ਼ਾਦੇ ਸ਼ਹੀਦ ਕਰਕੇ ਗੁਰੂ ਸਾਹਿਬ ਵਾਹਿਗੁਰੂ ਦੀ ਰਖਜਾ ਦੇ ਆਸਰੇ ਮਾਲਵੇ ਵਿਚ ਪੁੱਜ ਗਏ ਸੇ। ਇਹ ਗੱਲਾਂ ਸਨ ਪੋਹ ਦੀਆਂ ਤੇ ਹੁਣ ਚਾਰ ਮਹੀਨੇ ਲੰਘ ਗਏ ਸਨ। ਵਜ਼ੀਰ ਖਾਂ ਨੇ ਅਜੇ ਬੀ ਬੱਸ ਨਹੀਂ ਸੀ ਕੀਤੀ। ਪਹਿਲਾਂ ਉਨ੍ਹਾਂ ਹੀ ਦਿਨਾਂ ਵਿਚ ਉਸ ਨੇ ਛੋਟੇ ਸਹਿਬਜ਼ਾਦੇ ਸੁੰਦਰਤਾ ਤੇ ਉਪਕਾਰ ਦੇ ਬਗ਼ੀਚੇ ਦੀਆਂ ਪੁੰਗਰਦੀਆਂ ਲਗਰਾਂ, ਇਨਸਾਨੀ ਦਿਲ ਦੀ ਅਤਿ ਦਰਜੇ ਦੀ ਬੇਦਰਦੀ ਨਾਲ ਵਿਨਾਸ਼ ਕੀਤੀਆਂ ਸਨ, ਫੇਰ ਓਹ ਗੁਰੂ ਜੀ ਦੇ ਪਕੜਨ ਦੇ ਹੀਲੇ ਕਰਦਾ ਰਿਹਾ। ਫੇਰ ਝੂਠ ਸੱਚ ਤੇ ਤੋਲੇ ਤੂਫਾਨ ਔਰੰਗਜ਼ੇਬ ਨੂੰ ਲਿਖ ਭੇਜੇ ਸਨ। ਗੁਰੂ ਜੀ ਨੇ ਬੀ ਮਾਛੀਵਾੜੇ ਤੋਂ ਇਕ ਖ਼ਤ ਔਰੰਗਜ਼ੇਬ ਨੂੰ ਘੱਲਿਆ ਸੀ। ਦਿੱਲੀ ਸਰਹਿੰਦ ਦੀਆਂ ਰਪੋਰਟਾਂ ਤੋਂ ਤੇ ਗੁਰੂ ਜੀ ਦੇ ਨਾਮੇ ਤੋਂ ਬਾਦ ਜੋ ਸੰਦੇਸ਼ ਪੁੱਛਾਂ ਦਾ ਗੁਰੂ ਜੀ ਨੂੰ ਔਰੰਗਜ਼ੇਬ ਨੇ ਘੱਲਿਆ ਸੀ, ਜਿਸ ਦੇ ਉੱਤਰ ਵਿਚ ਦੂਜਾ ਖਤ ਪ੍ਰਸਿੱਧ ਜ਼ਫਰਨਾਮਾ ਗੁਰੂ ਜੀ ਵਲੋਂ ਲਿਖਿਆ ਗਿਆ ਸੀ, ਉਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਸਰਕਾਰੀ ਰਪੋਰਟਾਂ ਜੋ ਦਿੱਲੀ ਸਰਹਿੰਦ ਤੋਂ ਗਈਆਂ ਹਨ ਉਨ੍ਹਾਂ ਦੇ ਜੁਵਾਬ ਹਨ। ਇਸੇ ਤਰ੍ਹਾਂ ਦੇ ਜੁਾਬ ਔਰੰਗਜ਼ੇਬ ਨੇ ਸਰਹਿੰਦ ਤੇ ਦਿੱਲੀ ਤੋਂ ਬੀ ਜ਼ਰੂਰ ਪੁੱਛੇ ਹੋਣਗੇ। ਇਹ ਸਾਰੀਆਂ ਗਲਾਂ ਸਾਬਤ ਕਰਦੀਆਂ ਹਨ ਕਿ ਵਜ਼ੀਰ ਖਾਂ ਨੂੰ ਗੁਰੂ ਜੀ ਦਾ ਜੀਵਨ ਮੂਲੋਂ ਨਹੀਂ ਸੀ ਭਾ ਰਿਹਾ। ਉਹ ਜਾਣਦਾ ਸੀ ਕਿ ਚਾਹੇ ਗੁਰੂ ਜੀ ਦੀ ਜੰਗੀ ਤਾਕਤ ਤੋੜ ਦੇਣ ਵਿਚ ਔਰੰਗਜ਼ੇਬ ਮੇਰੇ ਤੇ ਖੁਸ਼ ਹੋਸੀ, ਪਰ ਉਹ ਇਹ ਬੀ ਜਾਣਦਾ ਸੀ ਕਿ ਛੋਟੇ ਸਾਹਿਬਜ਼ਾਦਿਆਂ ਦਾ ਸਰਦ ਮਿਹਰੀ ਵਿਚ ਖੂੰਨ ਸਰਦ ਕਰ ਦੇਣਾ ਐਸਾ ਪਾਪ ਹੈ ਕਿ ਸ਼ਾਇਦ ਔਰੰਗਜ਼ੇਬ ਵਰਗਾ ਸੰਗ-ਦਿਲ ਬੀ ਆਪਣੇ ਬੁਢਾਪੇ ਤੇ ਸ਼ਾਹੀ ਅਦਲ ਦੀ ਸ਼ਾਨ ਲੋਕਾਂ ਵਿਚ ਸੰਭਾਲੇ ਰੱਖਣ ਖ਼ਾਤਰ ਕੁਛ ਮੇਰੇ ਵਿਰੁੱਧ ਕਰ ਨਾਂ ਬੈਠੇ। ਇਸ ਕਰਕੇ ਬੀ ਓਹ ਚਾਹੁੰਦਾ ਸੀ ਕਿ ਉਸ ਤੋਂ ਪਹਿਲਾਂ ਕਿ ਕੋਈ ਸ਼ਾਹੀ ਫੁਰਮਾਨ ਨਿਕਲੇ


www.sikhbookclub.com

ਮੈਂ ਗੁਰੂ ਸਾਹਿਬ ਦਾ ਖ਼ਾਤਮਾਂ ਕਰ ਦਿਆਂ। ਇਹ ਗਲ ਇਸ ਤੋਂ ਬੀ ਪਾਯਾ ਸਬੂਤ ਨੂੰ ਪਹੁੰਚ ਜਾਂਦੀ ਹੈ ਕਿ ਇਸ ਨੇ ਲਖਮੀਰ ਸ਼ਮੀਰ ਨੂੰ ਮਾਲਵੇ ਵਿਚ ਹੁਕਮ ਘੱਲਿਆ ਸੀ ਕਿ ਗੁਰੂ ਜੀ ਨੂੰ ਮੇਰੇ ਪਾਸ ਘੱਲ ਦਿਓ ਜਿਸ ਦੇ ਜ਼ਾਬ ਵਿਚ ਉਨ੍ਹਾਂ ਦੋਹਾਂ ਬੀਰਾਂ ਨੇ ਨਾਂਹ ਕਰ ਘੱਲੀ ਸੀ। ਇਸ ਤਰ੍ਹਾਂ ਦੇ ਉਸਦੇ ਇਕ ਤੋਂ ਵਧੀਕ ਹੀਲੇ ਜਦ ਕਾਰਗਰ ਨਾਂ ਹੋਏ ਤਾਂ ਉਸਨੇ ਇਕ ਫ਼ੌਜ ਤਜਾਰ ਕਰਕੇ ਚੜ੍ਹਾਈ ਕਰ ਦਿੱਤੀ ਤੇ ਖਿਦਰਾਣੇ ਦੀ ਢਾਬ ਤੇ ਆ ਦਬਕਿਆ।

ਉਸਦੇ ਅੱਪੜਨ ਤੋਂ ਪਹਿਲਾਂ ਗੁਰੂ ਜੀ ਏਸੇ ਪਾਸੇ ਜਾ ਰਹੇ ਸੇ ਕਿ ਰਾਹ ਵਿਚ ਪੰਜਾਬ ਤੋਂ ਤੇ ਖਾਸ ਕਰਕੇ ਮਾਝੇ ਤੋਂ ਸਿਖਾਂ ਦਾ ਇਕ ਵਹੀਰ ਗੁਰੂ ਜੀ ਨੂੰ ਮਿਲਿਆ ਸੀ, ਜਿਨ੍ਹਾਂ ਵਿਚ ਅਨੰਦਪੁਰ ਤੋਂ ਗੁਰੂ ਜੀ ਦੀ ਆਗਜਾ ਦੇ ਉਲਟ ਜੋ ਸਿਖ ਚਲੇ ਗਏ ਸੇ ਬੀ ਸ਼ਾਮਲ ਸੇ। ਇਨ੍ਹਾਂ ਦਾ ਇਕ ਮਨੋਰਥ ਸੀ ਮਾਫੀ ਮੰਗਣੀ, ਦੂਜਾ ਸੀ ਗੁਰੂ ਜੀ ਨੂੰ ਮਨਾਉਣਾ ਕਿ ਸਰਕਾਰ ਨਾਲ ਸੁਲਹ ਕਰ ਲੈਣ ਤੇ ਜੇ ਗੁਰੂ ਜੀ ਮੰਨ ਜਾਣ ਤਾਂ ਆਪ ਵਿਚ ਪੈਕੇ ਸੁਲਹ ਕਰਾ ਦੇਣ। ਪਰ ਗੁਰੂ ਜੀ ਨੇ ਇਨ੍ਹਾਂ ਦੀ ਗਲ ਨਾਂ ਮੰਨੀ ਤੇ ਇਥੇ ਇਨ੍ਹਾਂ ਤੋਂ ਬਿਦਾਵੇ ਦਾ ਕਾਗਜ਼ ਲਿਖਾ ਲਿਆ ਕਿ ਅਸੀਂ ਅਗੇ ਤੋਂ ਆਪ ਦੇ ਸਿਖ ਨਹੀਂ। ਇਹ ਬਿਦਾਵਾ ਲੈ ਕੇ ਗੁਰੂ ਜੀ ਅੱਗੇ ਪਧਾਰ ਗਏ। ਖਿਦਰਾਣੇ ਦੀ ਢਾਬ ਤੇ ਪਹੁੰਚਕੇ ਇਸ ਨੂੰ ਸੁੱਕੀ ਦੇਖਕੇ ਕੁਛ ਹੋਰ ਅੱਗੇ ਚਲੇ ਗਏ ਤੇ ਇਕ ਟਿੱਬੀ ਤੇ ਜਾ ਡੇਰਾ ਲਾਇਆ, ਜਿਸ ਦਾ ਵਰਣਨ ਪਿਛੇ। ਆ ਚੁਕਾ ਹੈ, ਜਿਥੇ 'ਖਾਨਾ' ਉਨ੍ਹਾਂ ਨੂੰ ਜਾ ਮਿਲਿਆ ਸੀ। ਗੁਰੂ ਜੀ ਦੇ ਅਗੇ ਚਲੇ ਜਾਣ ਮਗਰੋਂ ਗੁਰੂ ਤੋਂ ਟੁੱਟੇ ਮਾਝੇ ਦੇ ਵਹੀਰ ਨੂੰ ਪਤਾ ਲੱਗਾ ਕਿ ਵਜ਼ੀਰ ਖਾਂ ਗੁਰੂ ਜੀ ਪਰ ਹੱਲਾ ਕਰਕੇ ਆ ਰਿਹਾ ਹੈ। ਤਦ ਜਥੇ ਵਿਚ ਵਿਚਾਰ ਹੋਈ। ਜਥੇਦਾਰ ਸੀ ਮਹਾਂ ਸਿੰਘ, ਇਸ ਨਾਲ ਚਾਰ ਸਿੰਘ ਹੋਰ ਨਿਤਰੇ, ਪੰਜਾਂ ਨੇ ਕਿਹਾ ਕਿ ਅਸਾਂ ਤਾਂ ਬੇਮੁਖ ਨਹੀਂ ਹੋਣਾ, ਵਜ਼ੀਰ ਖਾਂ ਨਾਲ ਲੜਕੇ ਮਰਾਂਗੇ ਤੇ ਜਿਸ ਨੇ ਸਾਡੇ ਨਾਲ ਗੁਰੂ ਸਨਮੁਖ ਹੋਕੇ ਸ਼ਹੀਦ ਹੋਣਾ ਹੈ ਉਹ ਸਾਡੇ ਵਲ ਆ ਜਾਓ। ਇਹ ਕਹਿਕੇ ਇਕ ਲੀਕ ਖਿੱਚ ਦਿੱਤੀ। ਕੁਛ ਹੋਰ ਸਿੱਖ ਬੀ ਲੀਕ ਟੱਪ ਆਏ ਤਦ ਮਹਾਂ ਸਿੰਘ ਨੇ ਕਿਹਾ: ਹੈਫ

ਹੈ ਸਾਡੇ ਤੇ ਕਿ ਨਾਸ਼ਮਾਨ ਜਿੰਦਾਂ ਨੂੰ ਪਜਾਰ ਕਰੀਏ ਤੇ ਘਰਾਂ ਨੂੰ ਕਾਲੇ ਮੂੰਹ ਲੈਕੇ ਜਾਈਏ। ਆਏ ਸਾਂ ਮੂੰਹ ਤੇ ਮਲੀ ਸੁਆਹ ਧੋਣ ਤੇ ਚਲੇ ਜਾਵਾਂਗੇ ਅਗੇ ਤੋਂ ਵਧੀਕ ਕਾਲੀ ਕੱਟ ਸਿਆਹੀ ਮਲਕੇ, ਜੋ ਨਾਂ ਲੋਕ ਉਤਰੇਗੀ ਤੇ ਨਾਂ ਪਰਲੋਕ, ਜੋ ਨਾਂ ਅਜ ਉਤਰੇਗੀ, ਨਾ ਕੱਲ, ਤੇ ਨਾ ਹੀ ਪਰਸੋਂ। ਸਦਾ ਦੀ ਮੁਕਾਲਕ ਤੇ ਸਭ ਥਾਵਾਂ ਦੀ ਮੁਕਾਲਕ ਸਾਡੇ ਮੱਥੇ ਮਲੀ ਗਈ ਹੈ, ਹੁਣ ਇਸ ਨੂੰ ਕੇਵਲ ਸਾਡਾ ਆਪਣਾ ਲਹੂ ਹੀ ਧੋ ਸਕਦਾ ਹੈ, ਹੋਰ ਕੋਈ ਰਸਤਾ ਇਸ ਦੇ ਉਤਰਨ ਦਾ ਨਹੀਂ। ਆਓ ਮਿਤਰੋ ਖੇਡ ਜਾਓ ਸਿਰਾਂ ਦੀ ਬਾਜ਼ੀ ਤੇ ਜਿੱਤ ਲਓ ਲੋਕ ਪ੍ਰਲੋਕ ਤੇ ਸਾਰੇ ਸਮਿਆਂ ਦਾ ਜੱਸ। ਮਜਾਲ ਤਾਂ ਨਹੀਂ ਤੁਰਕ ਦੀ, ਪਰ ਦੇਖੋ ਜੇ ਵਜ਼ੀਰ ਖਾਂ ਗੁਰੂ ਜੀ ਦੇ ਪਵਿਤ੍ਰ ਸਰੀਰ ਨੂੰ ਕੋਈ ਅਜ਼ਾ ਪੁਚਾ ਦੇਵੇ ਤੇ ਅਸੀਂ ਜੀਉਂਦੇ ਘਰ ਅੱਪੜ ਜਾਈਏ ਤਾਂ ਕੀ ਸਾਡਾ ਜੀਉਣ ਦਾ ਕੋਈ ਹੱਜ ਰਹਿ ਜਾਏਗਾ। ਇਸ ਤਰ੍ਹਾਂ ਦੇ ਵਾਕਾਂ ਦਾ ਜਾਦੂ ਵਰਗਾ ਅਸਰ ਪਿਆ* ਸਾਰਾ ਵਹੀਰ ਸਨਮੁਖ ਹੋ ਗਿਆ, ਕੋਈ ਨਾਂ ਮੁੜਿਆ ਪਿੱਛੇ, ਇਕ ਇਕ ਕਰਕੇ ਸਭ ਲੀਕ ਟੱਪ ਆਏ ਤੇ ਖਿਦਰਾਣੇ ਤੇ ਹੀ ਕਬਜ਼ਾ ਕਰ ਲਿਆ ਤੇ ਜੰਗ ਦੀ ਵਿਉਂਤ ਬਣਾ ਲਈ।

ਏਥੇ ਢਾਬ ਦੇ ਢਾਹੇ ਉੱਤੇ ਬੇਰੀਆਂ ਸਨ, ਉਨ੍ਹਾਂ ਉਤੇ ਬੜੇ ਬੜੇ ਚਾਦਰੇ ਤੇ ਨਾਲ ਆਂਦੇ ਸਾਇਬਾਨ ਪਾ ਦਿਤੇ, ਦੂਰੋਂ ਜਾਪੇ ਕਿ ਤੰਬੂ ਡੇਰੇ ਲਗੇ ਹੋਏ ਹਨ ਤੇ ਉੱਚੇ ਉੱਚੇ ਥਾਂ ਤੋਂ ਢਾਬ ਦੇ ਕੰਢਿਆਂ ਦੇ ਲੁਕਵੇਂ ਥਾਂ ਬੀ ਮੱਲ ਲਏ ਤੇ ਜੰਗ ਕਰਨ ਦੀ ਵਿਉਂਤ ਬੀ ਮਿਥ ਲਈ। ਜਦ ਵਜ਼ੀਰ ਖਾਂ ਆ ਗਿਆ ਤਾਂ ਉਸ ਨੂੰ ਖਬਰ ਮਿਲੀ ਕਿ ਖਿਦਰਾਣੇ ਦੀ ਢਾਬ ਪਾਣੀ ਨਾਲ ਲਹਿ ਲਹਿ ਕਰ ਰਹੀ ਹੈ ਤੇ ਸਿੱਖਾਂ ਕਬਜ਼ਾ ਕਰ ਲਿਆ ਹੈ। ਹਾਲਾਂਕਿ ਉਹ ਵਾਹਿਗੁਰੂ ਹੁਕਮ ਵਿਚ ਆਪਣੇ ਸਦਾ ਦੇ ਸੁੱਕਣ ਦੇ ਵੇਲੇ ਤੋਂ ਪਹਿਲਾਂ ਹੀ ਸੁੱਕ ਚੁਕੀ ਸੀ। ਫਿਰ ਉਸ ਨੂੰ ਪਤਾ ਲਗਾ ਕਿ ਗੁਰੂ ਹੀ ਸਿਖਾਂ ਸਣੇ

* ਕਈ ਆਖਦੇ ਹੈਨ ਕਿ ਮਾਈ ਭਾਗੋ ਜੋ, ਇਸ ਜਥੇ ਦੇ ਨਾਲ ਆਈ ਸੀ ਤੇ ਇਸ ਵੇਲੇ ਸ਼ਹੀਦ ਹੋਣ ਵਾਲਿਆਂ ਵਿਚ ਨਿਤਰੀ ਸੀ, ਉਸਨੇ ਵੀ ਇਸ ਵੇਲੇ ਸਿੰਘਾਂ ਨੂੰ ਉਤਮ ਉਪਦੇਸ਼ ਗੁਰੂ ਜੀ ਤੋਂ ਸਦਕੇ ਹੋ ਜਾਣ ਵਾਸਤੇ ਦਿੱਤਾ ਸੀ।

ਮੱਲੀ ਬੈਠਾ ਹੈ। ਇਥੋਂ ਦੀ ਜਿੱਤ ਵਜ਼ੀਰ ਖਾਂ ਲਈ ਦੋ ਸੁਖ ਰਖਦੀ ਸੀ, ਇਕ ਗੁਰੂ ਕੀ ਹਾਰ, ਦੂਜੇ ਤੁਰਕ ਦਲ ਨੂੰ ਪਾਣੀ ਦੇ ਛੰਭ ਦੀ ਪ੍ਰਾਪਤੀ। ਸੋ ਉਸਨੇ ਕੁਛ ਦੂਰ ਡੇਰਾ ਕਰਕੇ ਆਪਣੀ ਵਿਉਂਤ ਬੰਨ੍ਹ ਕੇ ਹੱਲਾ ਬੋਲ ਦਿੱਤਾ। ਹੁਣ ਇਸ ਵਹੀਰ ਤੇ ਸ਼ਾਹੀ ਸੈਨਾ ਦਾ ਘੋਰ ਯੁੱਧ ਹੋਇਆ। ਸਿੱਖ ਤਾਂ ਮਰਨ ਮੰਡਕੇ ਮੌਤ ਵਿਚ ਸੁਰਖਰੋਈ ਸਮਝਕੇ 'ਆਪਾ ਨੁਛਾਵਰੀ ਜੁੱਧ' ਕਰਦੇ ਸੇ ਤੇ ਜਾਨਾਂ ਤੋੜਕੇ ਲੜਦੇ ਸੇ, ਪਰ ਤੁਰਕ ਦਲ ਤਨਖਾਹਾਂਦਾਰ ਜਾਨਾਂ ਬਚਾ ਬਚਾਕੇ ਲੜਦਾ ਸੀ। ਇਸ ਲਈ ਇਸ ਥੋੜੇ ਜਿਹੇ ਜਥੇ ਨੇ ਤੁਰਕ ਦਲ ਦੇ ਬਹੁਤ ਆਹੂ ਲਾਹੇ। ਇਨਸਾਨੀ ਖਜਾਲ ਤੇ ਕਜਾਸ ਤੋਂ ਵੱਧ ਕਟਾ ਵੱਢ ਕੀਤੀ। ਜੁੱਧ ਕਰਦਿਆਂ ਲੌਢਾ ਪਹਿਰ ਲੈ ਆਂਦਾ, ਪਰ ਆਖਰ ਤੁਰਕ ਸੈਨਾਂ ਤੋਂ ਬਹੁਤ ਥੋੜੇ ਸਨ, ਲਗ ਪਗ ਸਾਰੇ ਘਾਇਲ ਤੇ ਜ਼ਖਮੀ ਹੋ ਢੱਠੇ, ਪਰ ਇਕ ਨੇ ਬੀ ਪਿੱਠ ਨਹੀਂ ਦਿੱਤੀ, ਇਕ ਨੇ ਬੀ ਹਾਰ ਨਹੀਂ ਮੰਨੀ, ਇਕ ਨੇ ਬੀ ਹੌਸਲਾ ਨਹੀਂ ਹਾਰਿਆ। ਗੁਰੂ ਜੀ ਬੀ ਟਿੱਬੀ ਤੋਂ ਤੱਕ ਤੱਕਕੇ ਆਪਣੇ ਅਮੋਘ ਬਾਣ ਇਸ ਦਾਨਾਈ ਤੇ ਬਲ ਨਾਲ ਛੋੜਦੇ ਰਹੇ ਕਿ ਤੁਰਕ ਦਲ ਦਾ ਨੁਕਸਾਨ ਅਤਿ ਦਾ ਹੋਇਆ, ਪਰ ਉਨ੍ਹਾਂ ਨੂੰ ਇਹ ਪਤਾ ਨਾ ਪਿਆ ਕਿ ਢਾਬ ਲਾਗਲੇ ਟਿੱਬਿਆਂ ਤੋਂ ਛੁਟ ਕਿਤੋਂ ਹੋਰਥੋਂ ਬੀ ਤੀਰ ਆ ਰਹੇ ਹਨ। ਜਦ ਸਿੱਖਾਂ ਵਾਲੇ ਪਾਸਿਓਂ ਤੀਰ ਗੋਲੀ ਬੰਦ ਹੋ ਗਈ, ਹਥਾ ਵਥੀ ਲੜਨ ਵਾਲੇ ਜਥੇ ਕਿ ਯੋਧੇ ਅੱਗੇ ਵਧਣੋਂ ਮੁੱਕ ਗਏ ਤਾਂ ਤੁਰਕ ਦਲ, ਇਹ ਸਮਝਕੇ ਕਿ ਸਿੱਖ ਸਭ ਮਰ ਗਏ ਹਨ, ਛੰਭ ਤੇ ਪਾਣੀ ਪੀਣ ਲਈ ਅਗੇ ਵਧਿਆ। ਅਗੇ ਬੇਰੀਆਂ, ਬੇਰੀਆਂ ਤੇ ਪਏ ਚਾਦਰੇ, ਛੌਲਦਾਰੀਆਂ ਤੇ ਸਾਇਬਾਨ! ਹਾਂ ਮਰੇ ਪਏ, ਕੱਟੇ ਪਏ ਤੇ ਸਿਸਕ ਰਹੇ ਘਾਇਲ ਸਿੱਖਾਂ ਦੇ ਤਨ, ਵਹਿ ਚੁਕੇ ਤੇ ਵਹ ਰਹੇ ਲਹੂ ਦੇ ਸਿਵਾ ਕੁਛ ਨਾ ਦਿੱਸਿਆ। ਪਾਣੀ ਤਾਂ ਮ੍ਰਿਗ ਤ੍ਰਿਸ਼ਨਾਂ ਦੇ ਜਲ ਵਾਂਙੂ ਭੁਲੇਵਾ ਦੇ ਗਿਆ ਤੇ ਤੁਰਕ ਸੈਨਾ ਸਚੀ ਮੁਚੀ ਦਾ ਜਲ ਨਾ ਪਾਕੇ ਘਬਰਾਏ ਮ੍ਰਿਗ ਵਾਂਗੂੰ ਤੜਫ ਉੱਠੀ। ਇਸ ਵੇਲੇ ਜੋ ਵਿਚਾਰ ਤੁਰਕ ਦਲ ਵਿਚ ਹੋਈ ਸੋ ਪਿਛੇ ਆ ਚੁਕੀ ਹੈ। ਜੋ ਕੁਛ ਟਿੱਬੀ ਤੇ ਵਰਤਿਆ ਉਹ ਬੀ ਆਪ ਪੜ੍ਹ ਚੁਕੇ ਹੋ, ਹੁਣ ਢਾਬ ਵਿਚ ਦਾ ਹਾਲ

ਸੁਣੋ। ਇਥੇ ਇਸ ਸੁੱਕੀ ਢਾਬ ਵਿਚ ਮਰੇ ਤੇ ਜ਼ਖਮੀ ਪਏ ਸਿੱਖਾਂ ਵਿਚ ਜਥੇਦਾਰ ਦੀ ਲੋਥ ਬੀ ਪਈ ਸੀ, ਜੋ ਅਜੇ ਸਜਿੰਦ ਸੀ। ਇਕ ਤਾਂ ਸਰੀਰ ਨੂੰ ਜੀਉਂਦਾ ਰੱਖਣ ਵਾਲੀ ਜਿੰਦ ਸੀ ਅਜੇ ਸਰੀਰ ਦੇ ਵਿਚ, ਦੂਸਰੇ ਉਹ ਜਿੰਦ ਇਸ ਜਿੰਦੜੀ ਨੂੰ ਜਿਵਾਲ ਰਹੀ ਸੀ ਜਿਸ ਨੇ ਬੇਮੁਖਤਾ ਦੀ ਕਾਲਖ ਧੋਕੇ ਸੁਰਖ ਰੱਤੂ ਨਾਲ ਸੁਰਖਰੋਈ ਪ੍ਰਾਪਤ ਕੀਤੀ ਸੀ। ਉਹ ਜਿੰਦ ਸਰੀਰ ਦੀ ਜਿੰਦ ਨੂੰ ਨਿਕਲਣ ਨਹੀਂ ਸੀ ਦੇਂਦੀ। ਉਸ ਵਿਚ ਤੜਪ ਸੀ ਕਿ ਕਿਵੇਂ ਇਸ ਵੇਲੇ ਗੁਰੂ ਆ ਜਾਵੇ ਤੇ ਮੈਂ ਆਪਣੇ ਸਾਰੇ ਦੇਸ਼ ਲਈ ਮਾਫੀ ਮੰਗਾਂ ਤੇ ਉਹ ਅਮੰਗਲ ਕਾਗਜ਼ ਪੜਵਾ ਦਿਆਂ ਜੋ ਕਿਸੇ ਖੋਟੇ ਸਿਤਾਰੇ ਨੇ, ਕਿਸੇ ਬਦਕਿਸਮਤੀ ਦੇ ਨਿਛੱਤ੍ਰ ਨੇ ਕਿ ਕਿਸੇ ਭੈੜੀ ਹੋਣੀ ਨੇ ਕਿਸੇ ਨਹਿਸ਼ ਵੇਲੇ ਸਾਥੋਂ ਲਿਖਵਾਯਾ ਤੇ ਮੇਰੇ ਕੂਕਦੇ ਪੁਰਕਾਰਦੇ ਬਹੁਤਿਆਂ ਦੀ ਗਲ,- ਮਾੜੀ ਗਲ-ਸਿਰੇ ਚੜ੍ਹ ਗਈ ਤੇ ਮੈਂ ਬੀ ਬੇਮੁਖਾਂ ਵਿਚ ਰਹਿ ਗਿਆ ਸਾਂ। ਚਾਹੇ ਮੈਂ ਮਗਰੋਂ ਸੰਭਾਲ ਲਿਆ ਸਾਰਿਆਂ ਨੂੰ, ਪਰ ਹੋਣੀ ਤਾਂ ਹੋਕੇ ਰਹੀ, ਭਾਵੇਂ ਮਗਰੋਂ ਕਿਸੇ ਗੁਰੂ ਦੀ ਕਿਸੇ ਮਿਹਰ ਦਾ ਸਦਕਾ, ਕਿਸੇ ਭਲੇ ਭਾਗ ਦੇ ਪ੍ਰੇਰੇ, ਅਸੀਂ ਸਨਮੁਖ ਹੋ ਗਏ ਤੇ ਲੜ ਮੋਏ ਆਪਣੇ ਪਜਾਰੇ ਗੁਰੂ ਲਈ। ਕਾਸ਼, ਉਸ ਗੁਰੂ ਦੇ ਦਰਸ਼ਨ ਹੋ ਜਾਣ ਜਿੰਦ ਜਾਣ ਤੋਂ ਪਹਿਲੋਂ ਤਾਂ ਟੁੱਟੀ ਗੰਢਾ ਲਵਾਂ। ਇਸ ਦੋ ਜਿੰਦੀਆਂ ਵਾਲੇ ਜ਼ਿੰਦਾ ਸ਼ਹੀਦ ਦੀ ਆਤਮਾਂ ਵਿਚ ਜੋ 'ਭਾਵ' ਇਸ ਵੇਲੇ ਆਪੋ ਵਿਚ ਉਮਗ ਰਹੇ ਸਨ ਤੇ ਸਰੀਰ ਨੂੰ ਸ਼ਾਂਤ ਨਹੀਂ ਸਨ ਹੋਣ ਦੇਂਦੇ ਉਸਦੀ ਦੇਹ ਤੇ ਆਤਮਾਂ ਦੇ ਸੰਬਾਦ ਦੇ ਢੰਗ ਵਿਚ ਲਿਖੇ ਹੇਠਾਂ ਦਿੱਤੇ ਕਾਵਜ ਵਿਚ ਅੰਕਿਤ ਹਨ:-

### ੩.

**ਭਾਈ ਮਹਾਂ ਸਿੰਘ** ਜੀ ਸੱਚੇ ਸ਼ਹੀਦ ਦੀ ਆਤਮਾ ਆਪਣੇ ਅੰਤਮ ਸੁਆਸਾਂ ਵੇਲੇ ਇਸ ਪ੍ਰਕਾਰ ਸੰਬਾਦ ਕਰਦੀ ਹੈ:-

ਆਤਮਾਂ (ਮਾਨੋ ਦੇਹ ਨੂੰ ਆਖਦੀ ਹੈ)-

ਹੋ ਜ਼ਿੰਦਗੀ ਦੀ ਕਾਰ ਚੁੱਕੀ, ਦੇਸ਼ ਨਿਜ ਹੁਣ ਚੱਲੀਏ।

 www.sikhbookclub.com

ਦੇ ਆਗਜਾ ਹੁਣ ਦੇਹ ਪਜਾਰੀ, ਨਾਲ ਖੁਸ਼ੀਆਂ ਘੱਲੀਏ।
ਧੰਨ ਹੈਂ ਤੂੰ ਧੰਨ ਪਜਾਰੀ! ਧੰਨ ਤੈਨੂੰ ਆਖੀਏ!
ਉਪਕਾਰ ਤੇਰੇ ਸਦਾ ਪਜਾਰੇ, ਰਿਦੇ ਅਪਣੇ ਰਾਖੀਏ।
ਤੂੰ ਧੰਨ ਹੈਂ ਜਿਨ ਕ੍ਰਿਪਾ ਕੀਤੀ, ਮੈਂ ਜਿਹੇ ਇਕ ਨੀਚ ਤੇ।
ਗੁਰ ਸੇਵ ਸੰਦਾ ਸਮਾਂ ਦਿੱਤਾ, ਰੱਖਿਆ ਜਗ ਕੀਚ ਤੇ।
ਹਾਂ ਸੇਵ ਕਲਗੀ ਵਾਲੜੇ ਦੀ-ਦਾਸ ਕੋਲੋਂ ਸੁਹਣੀਏਂ!
ਲੈ, ਰੋਗ ਬੇਮੁਖ ਹੋਣ ਦਾ, ਹਈ ਕੱਟਿਆ ਮਨ ਮੁਹਣੀਏਂ!
ਹਾਂ ਵਾਰਨੇ ਮੈਂ ਤੁੱਧ ਦੇ, ਤੂੰ ਸਫਲ ਗੁਰੂ ਸੁਵਾਰੀਏ!
ਹੁਣ ਦੇਹੁ ਛੁੱਟੀ ਚੱਲੀਏ, ਹੈ ਵਾਟ ਲੰਮੀ ਪਜਾਰੀਏ!
ਹੈ ਆਗਿਆ ਹੁਣ ਪ੍ਰਭੂ ਜੀ ਦੀ, ਪਹੁੰਚ ਪਈਏ ਘਰਾਂ ਨੂੰ।
ਹੈ ਸਿੱਕ ਦਰਸ਼ਨ ਪਿਤਾ ਦੀ, ਉਡ ਚੱਲੀਏ ਲਾ ਪਰਾਂ ਨੂੰ।

ਦੇਹ (ਮਾਨੋਂ ਉੱਤਰ ਦੇਂਦੀ ਹੈ)-

ਹੋ ਤੁਰੇ ਜਾਂਦੇ ਲਾਲ ਜੀ! ਨਹੀਂ ਅਟਕ ਸਕਦੇ ਜ਼ਰਾ ਬੀ,
ਜੀ ਨਹੀਂ ਚਾਹੇ ਵਿਛੁੜਨਾਂ, ਮੈਂ ਰੋਂਵਦੀ ਹਾਂ, ਕਰਾਂ ਕੀ?
ਚਲ ਸਕਾਂ ਨਾਹੀਂ ਨਾਲ ਮੈਂ, ਹਾਂ ਨੀਚ ਮਿੱਟੀ ਅੰਧ ਮੈਂ,
ਛੱਡ ਸਕਾਂ ਨਾਹੀਂ ਸੰਗ ਸੁਹਣਾ, ਖਾਂਵਦੀ ਹਾਂ ਰੰਜ ਮੈਂ।
ਹੋ ਤੁਸੀਂ ਆਤਮ ਰੂਪ ਜੀ, ਨਿਤ ਸਦਾ ਹੀ ਅਵਿਨਾਸ਼ ਹੋ!
ਮੈਂ ਨਾਸ਼ਵੰਤੀ ਬਿਨਸਦੀ, ਵਿਗੜਾਂ ਕਦੀ ਮੈਂ ਰਾਸ ਹੋ।
ਵਿਛੜਨਾਂ ਮੈਂ ਨਾਂ ਚਹਾਂ, ਮੈਂ ਆਪਦੇ ਬਿਨ ਮਾਸ ਹਾਂ,
ਸੁਰਜੀਤ ਹਾਂ ਮੈਂ ਨਾਲ ਲੱਗੀ, ਵਿੱਛੁੜੀ ਮੈਂ ਨਾਸ਼ ਹਾਂ।

ਆਤਮਾ-

ਤੂੰ ਸਫਲ ਹੋਈ ਸਫਲ ਹੋਈ, ਨਹੀਂ ਛੁੱਟੜ ਪਜਾਰੀਏ!
ਹੁਕਮ ਹੈ ਗੁਰ ਰੱਬ ਦਾ ਏ, ਕਿਵੇਂ ਇਸ ਨੂੰ ਟਾਰੀਏ!
ਹਾਂ, ਟਾਰੀਏ ਨਾਂ ਧਾਰੀਏ ਏ, ਧਾਰਕੇ ਉਠ ਚੱਲੀਏ?
ਹੁਣ ਛੱਡ ਛੇਤੀ ਚੱਲੀਏ, ਤੇ ਜਾਇ ਪੱਤਣ ਮੱਲੀਏ।

ਦੇ ਆਗਿਆ ਹੁਣ ਚੱਲੀਏ; ਹੁਣ ਚੱਲੀਏ; ਹੁਣ ਚੱਲੀਏ,
ਹੁਣ ਰਹਿਣ ਨਾਹੀਂ ਬਣੇ ਸਾਨੂੰ, ਚੱਲੀਏ, ਹੁਣ ਚੱਲੀਏ।

ਦੇਹ-

ਇਕ ਸੋਚ ਸੋਚੋ ਲਾਲ ਜੀ! ਹੈ ਕੌਮ ਟੁੱਟੀ ਗੁਰਾਂ ਤੋਂ,
ਇਉਂ ਛੱਡ ਟੁੱਟੀ ਤੁਰੇ ਜਾਂਦੇ, ਚਹੇ ਸੱਦਾ ਧੁਰਾਂ ਤੋਂ*
ਹੈ ਤੁਸਾਂ ਸੇਵਾ ਸਿਰੇ ਚਾੜ੍ਹੀ, ਆਪ ਸਨਮੁਖ ਚਲੇ ਹੋ,
ਪਰ ਬੇਮੁਖਾਈ ਹੈ ਲਿਖੀ ਸੋ ਤੁਰਨ ਨੂੰ ਕਿਉਂ ਖਲੇ ਹੋ?
ਹੁਣ ਤੁਰ ਚਲੇ ਹੋ ਆਪ ਪਜਾਰੇ ਕੌਮ ਡੁੱਬੀ ਰਹੀ ਹੈ,
ਹੈ ਧੰਨ ਸਿੱਖੀ ਆਪ ਦੀ ਕੀ ਸਫਲ ਸਿੱਖੀ ਇਹੀ ਹੈ?

ਆਤਮਾ-

ਹਾਂ ਸੱਚ ਹੈ, ਏ ਸੱਚ ਪਜਾਰੀ, ਦੁਖ ਕਲੇਜੇ ਰਿਹਾ ਹੈ:-
ਮੈਂ ਆਪ ਉਠ ਹਾਂ ਚਲਿਆ ਤੇ ਪੰਥ ਟੁੱਟਾ ਰਿਹਾ ਹੈ!
ਹਾਂ, ਧੰਨ ਹੈਂ ਤੂੰ ਦੇਹ ਮੇਰੀ, ਧੰਨ ਤੇਰੀ ਸਿੱਖਿਆ,
ਜੇ ਗੁਰੂ ਆ ਹੁਣ ਬਾਹੁੜੇ ਤਾਂ ਪਾਟ ਜਾਵੇ ਲਿੱਖਿਆ।

(ਵਾਹਿਗੁਰੂ ਵਲ ਧਿਆਨ ਕਰਕੇ)-

ਹਾਂ ਪ੍ਰਭੂ ਪਜਾਰੇ ਸੁਣੀਂ ਬਿਨਤੀ ਮੌਤ ਰੋਕੀਂ ਪਜਾਰਿਆ!
ਹਾਂ ਭੇਜ ਕਲਗੀ ਵਾਲੜਾ ਤੂੰ ਭੇਜ ਲਾਲ ਦੁਲਾਰਿਆ!

(ਗੁਰੂ ਦਾ ਧਿਆਨ ਧਰਕੇ)-

ਦਿਹ ਦਰਸ ਕਲਗੀ ਵਾਲਿਆ! ਆ ਬਹੁੜ ਵੇਲੇ ਅੰਤ ਦੇ,
ਹੁਣ ਢਿੱਲ ਦਾ ਕੁਛ ਸਮਾਂ ਨਾ, ਆ ਵਾਸਤੇ ਭਗਵੰਤ ਦੇ।
ਹਾਂ ਚੱਲਿਆ ਹਾਂ, ਬਹੁੜ ਸਤਿਗੁਰ ਬਹੁੜ ਕਲਗੀ ਵਾਲਿਆ!
ਤੂੰ ਆਸ ਪੂਰੀਂ ਆਪ ਆਕੇ ਆਉ ਫੌਜਾਂ ਵਾਲਿਆ!
ਆ ਕਰੀਂ ਔਕੜ ਦੂਰ ਮੇਰੀ, ਸਨਮੁਖੇ ਆ ਕਰ ਲਈਂ,
ਤੇ ਮੇਲ ਲੈਣੀ ਟੁੱਟ ਚੁੱਕੀ, ਭੁੱਲ ਸਾਡੀ ਹਰਿ ਲਈਂ।

---

* ਚਾਹੇ ਤੈਨੂੰ ਸੱਦਾ ਧੁਰਾਂ ਦਾ ਆ ਗਿਆ ਹੈ।

(ਆਪਣੇ ਆਪ ਨਾਲ)–

ਹਾਂ! ਜਿੰਦ ਨਾ ਹੈ ਤੁਰੇ ਮੇਰੀ ਹੁਕਮ ਨੂੰ ਹੈ ਟਾਲਦੀ।
ਜੇ ਹੁਕਮ ਮੰਨੇ, ਕਾਰ ਸਿੱਖੀ ਇਸ ਸਮੇਂ ਨਹੀਂ ਪਾਲਦੀ।
ਮੈਂ ਤੁਰਾਂ? ਰਹਾਂ ਉਡੀਕ ਕਰਦਾ? ਫਸ ਗਿਆ ਦੋਥੌੜ ਹਾਂ।
ਤੇ ਝੁਕਾਂ ਜੇਕਰ ਇੱਕ ਪਾਸੇ, ਦੂਜਿਓਂ ਫਿਰ ਚੌੜ ਹਾਂ।

(ਫਿਰ ਗੁਰੂ ਧਿਆਨ ਵਿਚ)–

ਏ ਤਿਲ ਨ ਵਧਣੀ ਉਮਰ ਹੈ, ਇਸ ਸਮੇਂ ਸਿਰ ਟੁੱਟ ਜਾਵਣਾ,
ਉਸ ਸਮੇਂ ਨਾਲੋਂ ਰਤਾ ਪਹਿਲੇ, ਪਜਾਰਿਆ ਤੂੰ ਆਵਣਾ।
ਹਾਂ ਸੁਰਖਰੋਈ ਸਿੱਖ ਦੀ ਤਦ ਹੋਇ ਕਲਗੀ ਵਾਲਿਆ!
ਤੇ ਵੀਰ ਮਰਿਆਂ ਸਾਰਿਆਂ ਦੀ,–ਬਚ ਜਿਨ੍ਹਾਂ ਨੇ ਪਾਲਿਆ–
ਸੰਦੇਸ਼ 'ਟੁੱਟੀ ਗੰਢ ਦੇਵੀਂ' ਸੁਣ ਲਈਂ, ਰਖਵਾਲਿਆ!
ਕਰ ਦਯਾ ਆਵੀਂ ਗੁਰੂ ਪਜਾਰੇ, ਬਹੁੜ ਬਹੁੜਨ ਵਾਲਿਆ!
ਇਸ ਫਿਕਰ ਦੇ ਵਿਚ ਸਿੱਖ ਸੀਗਾ, ਪਿਆ ਘਾਇਲ ਸੋਚਦਾ
ਹੈ ਪੀੜ ਅਪਣੀ ਚਿੱਤ ਨਾਹੀਂ, ਪੰਥ ਮੇਲਣ ਲੋਚਦਾ;
ਹੈ ਜਾਨ ਟੁਟਦੀ ਕੁੜਕ ਮੁੜਦੀ ਸਿੱਖ ਨੂੰ ਪਰਵਾਹ ਨਾ,
'ਏ ਕਿਵੇਂ ਸਿੱਖੀ ਜਾਇ ਬਖਸ਼ੀ' ਰੜਕਦੀ ਏ ਚਾਹਿਨਾ।
'ਮੈਂ ਮੇਲ ਜਾਵਾਂ ਕੌਮ ਟੁੱਟੀ ਆਪ ਪਹਿਲੇ ਮਰਨ ਤੋਂ
'ਏ ਰਹੇ ਨਾਹੀਂ ਵਿੱਛੁੜੀ ਗੁਰੂ ਸੰਦੀ ਸ਼ਰਨ ਤੋਂ।'
ਹੈ ਬਿਨੈ ਕਰਦਾ ਗੁਰੂ ਅੱਗੇ ਪਿਆ ਧਰ ਸਿਰ ਮੂਧ ਹੈ,
ਹੈ ਲਹੂ ਵਗਦਾ ਫੱਟ ਚੀਸਣ ਪਰ ਨ ਇਸ ਦੀ ਸੂਧ ਹੈ।
ਹਾਂ, ਸੂਧ ਹੈ ਇਸ ਸਿੱਕ ਵਾਲੀ ਦਰਸ ਗੁਰ ਦਾ ਪਾ ਲਵਾਂ,
ਤੇ ਚਰਨ ਪਕੜਾਂ ਗੁਰੂ ਜੀ ਦੇ, ਪੰਥ ਨੂੰ ਬਖਸ਼ਾ ਲਵਾਂ।
ਉਹ ਪੰਥ ਪਾਲਿਕ ਗੁਰੂ ਪਜਾਰੇ, ਪਜਾਰ ਕਰਦੇ ਸਾਰਿਆਂ,
ਹਾਂ ਪਜਾਰਦੇ ਹਰ ਸਿੱਖ ਨੂੰ, ਜੋ ਗਿਆ ਸੀਗਾ ਮਾਰਿਆ,
ਆ ਸਹਿਕਦੇ ਦੇ ਪਾਸ ਬੈਠਣ ਲਹੂ ਪੂੰਝਣ ਚਿਹਰਿਓਂ,


www.sikhbookclub.com

ਤੇ ਗਰਦ ਝਾੜਨ ਆਪ ਹੱਥੀਂ, ਧੰਨ ਤੇਰੀ ਮਿਹਰ ਓ!
ਹੁਣ ਗੋਦ ਅਪਣੀ ਸਿੱਖ ਦਾ ਸਿਰ ਆਪ ਚਾਕੇ ਰੱਖਿਆ,
ਫਿਰ ਪਯਾਰ ਦੇਕੇ ਨੈਣ ਖੋਲ੍ਹੇ, ਬਿਰਦ ਅਪਣਾ ਲੱਖਿਆ।
ਫਿਰ ਨੀਰ ਚੋਇਆ, ਤ੍ਰਾਣ ਦਿੱਤਾ, ਪਯਾਰ ਦੇ ਸੁਰਜੀਤਿਆ,
ਤੇ ਅੰਤ ਛਿਨ ਦੀ ਲਾਲਸਾ ਨੂੰ ਆਪ ਪੂਰਾ ਕੀਤਿਆ।
ਸਿਖ ਨੈਣ ਖੁੱਲ੍ਹੇ ਦੇਖਦੇ ਹਨ:- ਸਿੱਕ ਪੂਰੀ ਗਈ ਹੈ,
ਜੋ ਚਿੱਤ ਵਿਚ ਮੈਂ ਚਿਤਵਦਾ ਸਾਂ ਚਿਤਵਨੀ ਉਹ ਲਈ ਹੈ,
ਹੈ ਅੱਖ ਦੇ ਤਿਲ ਵਿਚ ਗੁਰੂ ਦਾ ਰੂਪ ਹੁਣ ਪਰਕਾਸ਼ਦਾ,
ਹੈ ਮਿਹਰ ਦਾ ਝਲਕਾਰ ਪੈਂਦਾ, ਪ੍ਰੇਮ ਰੰਗ ਵਿਗਾਸਦਾ।
ਗੁਰ ਹੋਇ ਬਿਹਬਲ ਕਹਿਣ "ਪਯਾਰੇ ਮੰਗ ਜੋ ਤੂੰ ਚਾਹਿ ਹੈ।
"ਜੋ ਚਾਹਿੰਗਾ ਸੋ ਪਾਇੰਗਾ, ਘਰ ਮੈਂਡੜੇ ਨਹੀਂ ਨਾਂਹਿ ਹੈ"!
ਉਸ ਧੰਨ ਮੁਖ ਸਿੱਖ ਧੰਨ ਤੋਂ ਬਲਿਹਾਰ ਹੋਵੇ ਲਾਲਸਾ!
ਓ ਬੁੱਲ੍ਹ ਖੁੱਲ੍ਹੇ ਅੰਤ ਦੇ, ਓ ਬੋਲਦੇ ਕੀ ਖਾਲਸਾ!
ਓ ਆਖਦੇ ਕੀ ਬੁੱਲ੍ਹ ਪਾਵਨ, ਬੋਲਦੇ ਕੀ ਬੈਨ ਹੈ?
ਉਸ ਬੋਲਣੇ ਦਾ ਖਾਲਸਾ ਜੀ ਅੱਜ ਤੁਹਾਨੂੰ ਚੈਨ ਹੈ।
ਓ ਬੁੱਲ੍ਹ ਮਿਟਣੇ ਪਹਿਲਿਓਂ ਕੀ ਬੋਲਦੇ ਹਨ ਸੋਹਿਣਾ?
ਉਹ ਬੋਲਣਾ ਸੀ ਅੰਤ ਦਾ, ਅਤਿ ਪਯਾਰਦਾ ਮਨ ਮੋਹਿਣਾ!
ਦੋ ਹੱਥ ਨਿਰਬਲ ਨਾਲ ਜੁੜਦੇ, ਅੱਖੀਆਂ ਵਿਰਲਾਪ ਕੇ।
ਏ ਮਧੁਰ ਬੋਲੀ ਬੋਲਦੇ, ਤੇ ਰਾਗ ਮੇਲ ਅਲਾਪ ਕੇ।
ਏ ਬਿਨੈ ਆਖਣ ਗੁਰੂ ਅੱਗੇ, ਵਾਜ ਸੁਣੀਂ ਨ ਜਾਂਵਦੀ।
ਤੇ ਕੰਨ ਨੀਵੇਂ ਗੁਰੂ ਕਰਦੇ, ਵਾਜ ਕੀ ਹੈ ਆਂਵਦੀ:-
"ਇਸ ਟੁੱਟੜੀ ਨੂੰ ਮੇਲ ਲੇਵੋ, ਗੰਢ ਲੇਵੋ ਵਿੱਛੁੜੀ।
"ਬੇਦਾਵਿ ਪੱਤਰ ਪਾੜ ਸੁੱਟੋ; ਕੱਜ ਲੇਵੋ ਉੱਛੜੀ"।
ਏ ਨਰਮ ਧੀਮੀਂ ਵਾਜ ਸੀਗੀ, ਮਲ੍ਹਮ ਮੇਲਣ ਵਾਲੜੀ।
ਏ ਪ੍ਰੇਮ ਦੀ ਸੀ ਰਾਗਣੀ, ਸਭ ਪਾੜ ਮੇਲਣ ਵਾਲੜੀ।

ਓ ਗੁਰੂ-ਹਿਰਦਾ ਪ੍ਰੇਮ ਵਾਲਾ, ਦੇਖ ਸਿੱਖੀ ਪਜਾਰ ਨੂੰ,
ਓ ਦ੍ਰਵ ਗਿਆ ਹਦ ਲੰਘਕੇ, ਪਿਖ ਸਿੱਖ ਦੀ ਇਸ ਕਾਰ ਨੂੰ।
ਝਟ ਕੱਢ ਕਾਗਤ ਖੀਸਿਓਂ, ਦਿਖਲਾਇ ਪਜਾਰੇ ਸਿੱਖ ਨੂੰ।
ਓ ਪਾੜ ਦਿੱਤਾ ਉਸੀ ਵੇਲੇ, ਠੰਢ ਪਾਈ ਸਿੱਖ ਨੂੰ।
ਫਿਰ ਲਾਇ ਛਾਤੀ ਨਾਲ ਸਿਰ ਨੂੰ, ਗੁਰੂ ਉਸਨੂੰ ਆਖਦੇ-
"ਤੈਂ ਲਈ ਸਿੱਖੀ ਵਾਸਤੇ, ਕੁਛ ਮੰਗ ਅਪਣੇ ਵਾਸਤੇ।"
ਓ ਮੰਗਦਾ ਕੀ? ਆਪ ਸੀ ਓ ਗੁਰੂ ਦਾ ਤੇ ਗੁਰੂ ਨੂੰ
ਉਨ ਸੌਂਪ ਦਿੱਤਾ ਸੀਗ ਆਪਾ-ਗੁਰੂ ਆਸਾ ਪੂਰੂ ਨੂੰ।
ਓ ਆਖਦਾ "ਹੇ ਗੁਰੂ ਦੇਵੋ, ਦਾਨ ਮੈਨੂੰ ਅੰਤ ਨੂੰ,
"ਹਾਂ ਮੇਲ ਲੇਵੋ, ਮੇਲ ਲੇਵੋ, ਬਖਸ਼ ਲੇਵੋ ਪੰਥ ਨੂੰ।

ਗੁਰੂ ਜੀ-

"ਤੂੰ ਮੇਲ ਲੀਤੀ ਸਿਖ ਪਜਾਰੇ! ਵਿੱਥ ਰਹੀ ਨ ਹੈ ਰਤਾ,
"ਏ ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ ਹੈ ਮਤਾ!
"ਤੂੰ ਜਾਉ ਸੌਖਾ, ਪਾਇ ਵਾਸਾ ਵਿੱਚ ਖਾਸ ਸਰੂਪ ਦੇ,
"ਸਚਖੰਡ ਵਾਸੀ ਹੋਹੁ ਪਜਾਰੇ ਦਰਸ ਕਰ ਪ੍ਰਭੂ ਰੂਪ ਦੇ।
"ਤੂੰ ਮੇਲ ਤੁੱਟਜਾਂ ਨੂੰ ਲਿਆ ਤੂੰ ਆਪ ਮਿਲਿਓਂ ਕੰਤ ਨੂੰ"
"ਹਾਂ ਸਦਾ ਮਿਲਿਓ ਸਦਾ ਮਿਲਿਓ ਸਦਾ ਓਸ ਅਨੰਤ ਨੂੰ।"
ਫਿਰ "ਧੰਨ ਸਤਿਗੁਰ" ਸਿੱਖ ਆਖੇ ਮੀਟਿਆ ਮੁਖ ਗਿਆ ਸੀ।
ਓ ਨੈਣ ਮੀਟੇ ਗਏ ਸੇ, ਜੁਟ ਹੱਥ ਦਾ ਖੁੱਲ੍ਹ ਪਿਆ ਸੀ।
ਓ ਸਿੱਖ ਪੂਰਾ ਹੋ ਗਿਆ, ਗੁਰ ਗੋਦ ਪਜਾਰਾ ਵੱਸਿਆ,
ਦਰਬਾਰ ਉੱਜਲ ਮੁੱਖੜਾ ਲੈ, ਜਾ ਸਰੂਪੇ ਵੱਸਿਆ*

ਸੋ ਇਸ ਤੋਂ ਪਤਾ ਲਗਾ ਕਿ ਇਸ ਢਾਬ ਦੇ ਮੈਦਾਨ ਜੰਗ ਵਿਚ ਜੋ ਸਿੱਖ ਮਾਰੇ ਪਏ ਸਨ, ਉਨ੍ਹਾਂ ਵਿਚੋਂ ਕੁਛ ਅਜੇ ਆਪਣੇ ਆਖਰੀ ਦਮਾਂ ਤੇ

---

* ਸ੍ਰੀ ਕਲਗੀਧਰ ਚਮਤਕਾਰ। (ਪੰਨਾ ੧੯੭-੨੦੦)

ਸਨ, ਜਿਨ੍ਹਾਂ ਵਿਚੋਂ ਮਹਾਂ ਸਿੰਘ ਪੂਰੀ ਹੋਸ਼ ਵਿਚ ਆਪਣਾ ਤੇ ਆਪਣੇ ਪੰਥਕ ਵੀਰਾਂ ਦਾ ਲੋਕ ਪ੍ਰਲੋਕ ਸੁਆਰ ਗਿਆ। ਇਉਂ ਬੀ ਜਾਪਦਾ ਹੈ ਕਿ ਦੋ ਚਾਰ ਸਰੀਰ ਬੇਸੁਧ ਸਨ, ਜਿਨ੍ਹਾਂ ਦੀ ਆਸ ਬਚ ਰਹਿਣੇ ਦੀ ਹੋ ਸਕਦੀ ਸੀ, ਉਨ੍ਹਾਂ ਨੂੰ ਦੁਕੋਹੀ ਚੁਕੋਹੀ ਪਿੰਡਾਂ ਵਿਚ ਬੈਰਾੜ ਲੈ ਗਏ ਸਨ ਜੋ ਦਾਰੂ ਦਾਰੀ ਦਾ ਹੀਲਾ ਹਵਾਲਾ ਹੋ ਜਾਏ। ਕਿਉਂਕਿ ਇਸ ਤੋਂ ਮਗਰੋਂ ਨੇੜੇ ਤੇੜੇ ਦੇ ਪਿੰਡਾਂ ਦਾ ਦੌਰਾ ਕਰਕੇ ਗੁਰੂ ਜੀ ਫੇਰ ਇਕ ਵੇਰ ਏਸੇ ਟਿਕਾਣੇ ਆਏ ਹਨ। ਉਹ ਦੌਰਾ ਕਰਨਾ ਦੱਸਦਾ ਹੈ ਕਿ ਉਨ੍ਹਾਂ ਘਾਇਲ ਸਿੱਖਾਂ ਦੀ ਸੰਭਾਲ ਤੇ ਦਾਰੀ ਲਈ ਗਏ ਹਨ ਤੇ ਮੁੜਕੇ ਅਸਥਾਨ ਤੇ ਸ਼ਹੀਦੀ ਦਾ ਨਿਸ਼ਾਨ ਕਾਇਮ ਕਰਨ ਆਏ ਸੇ ਕਿ ਸਦਾ ਲਈ ਯਾਦਗਾਰ ਰਹੇ।

ਦੂਜਾ ਕੰਮ ਜੋ ਕੋਮਲ ਪਿਆਰਾਂ ਦਾ ਇਸ ਵੇਲੇ ਦਿੱਸਿਆ ਉਹ ਇਹ ਸੀ ਕਿ ਜਿਸ ਪੱਕੇ ਦਿਲ ਵਾਲੇ ਨੇ ਚਮਕੌਰ ਯੁੱਧ ਵਿਚ ਆਪਣੇ ਜਿਗਰ ਦੇ ਲਾਲ ਅੱਖਾਂ ਦੇ ਸਾਹਮਣੇ ਟੁਕੜੇ ਹੁੰਦੇ ਦੇਖੇ ਤੇ 'ਸੀ' ਨਹੀਂ ਸੀ ਕੀਤੀ, ਅੱਜ ਆਪਣੇ ਬੇਮੁਖ ਹੋਕੇ ਸਨਮੁਖ ਹੋਏ ਪੁੱਤ੍ਰਾਂ ਨੂੰ ਦੇਖਕੇ ਦ੍ਰਵਦੇ ਰਹੇ। ਇਕ ਪਜਾਰੇ ਦੇ ਪਾਸ ਬਹਿ ਜਾਂਦੇ ਸਨ, ਸਿਰ ਚਾਕੇ ਗੋਦੀ ਵਿਚ ਲੈਂਦੇ ਸਨ, ਗਰਦ ਪੂੰਝਦੇ ਸਨ, ਫੇਰ ਵਰ ਦੇਂਦੇ ਸਨ। ਮੇਰਾ ਪੰਜ ਹਜ਼ਾਰੀ ਸੂਰਮਾ। ਕਿਸੇ ਨੂੰ ਆਖਦੇ ਸਨ; ਮੇਰਾ ਦਸਹਜ਼ਾਰੀ ਦੂਲਾ, ਕਿਸੇ ਨੂੰ ਮੇਰਾ ਲਖੀਅਰ ਬੇਟਾ ਆਦਿ ਵਾਕ ਉਚਾਰਦੇ, ਜੱਸ ਕਰਦੇ, ਅਸੀਸਾਂ ਦੇਂਦੇ ਲਗ ਪਗ ਸਾਰੇ ਮੈਦਾਨ ਵਿਚ ਫਿਰ ਨਿਕਲੇ ਸਨ। ਕਈਆਂ ਨੂੰ ਮਹਾਂ ਸਿੰਘ ਨੂੰ ਮਿਲਣ ਤੋਂ ਪਹਿਲੋਂ ਤੇ ਕਈਆਂ ਨੂੰ ਮਗਰੋਂ ਏਹ ਪਜਾਰ ਮਿਲੇ। ਸਭਨਾਂ ਨੂੰ ਸਦਗਤੀ ਦੀ ਅਸ਼ੀਰਵਾਦ ਦਾਨ ਹੋਈ।

ਇਸ ਵੇਲੇ ਇਕ ਸਿਖ ਨੇ ਆਕੇ ਆਖਿਆ:- "ਸਚੇ ਪਾਤਸ਼ਾਹ! ਇਕ ਝੰਗੀ ਲਾਗੇ ਇਕ ਮਾਈ ਦਾ ਸਰੀਰ ਹੈ, ਮਰੀ ਨਹੀਂ ਜਾਪਦੀ, ਤੁਰਕਾਂ ਨਾਲ ਲੜੀ ਹੈ ਤੇ ਘਾਇਲ ਪਈ ਜਾਪਦੀ ਹੈ।" ਸੁਣਕੇ ਗੁਰੂ ਜੀ ਮੁਸਕ੍ਰਾਏ ਤੇ ਉਧਰ ਗਏ। ਅਗੇ ਮਾਈ ਢੱਠੀ ਪਈ ਬੇਸੁਧ ਸੀ, ਪਾਸ ਉਹ ਤੁਰਕ ਦੇਹ ਬੀ ਪਈ ਸੀ, ਜਿਸਨੂੰ ਮਾਈ ਨੇ ਸਾਂਗ ਨਾਲ ਪਰੋ ਕੇ ਸੁੱਟਿਆ ਸੀ।

ਪਾਸ ਉਹ ਲੋਥ ਬੀ ਪਈ ਸੀ, ਜਿਸ ਨੂੰ ਵਾਰ ਕਰਦਿਆਂ ਟਿੱਬੀ ਤੋਂ ਆਏ ਅਜ਼ਲੀ ਤੀਰ ਨੇ ਪਰੇ ਸੁਟਿਆ ਸੀ। ਪਾਸ ਆਕੇ ਸਤਿਗੁਰਾਂ ਕ੍ਰਿਪਾ ਦ੍ਰਿਸ਼ਟੀ ਨਾਲ ਡਿੱਠਾ, ਅਸੀਸ ਦਿੱਤੀ, ਹੋਸ਼ ਪਰਤ ਪਈ, ਮਾਈ ਉਠ ਖੜੀ ਹੋਈ। ਮਾਈ ਨੂੰ ਜ਼ਖਮ ਮਾਮੂਲੀ ਸਨ, ਸਦਮਾ ਖਾਕੇ ਬੇਸੁਧ ਪਈ ਸੀ। ਸਾਵਧਾਨ ਹੋਕੇ ਸਤਿਗੁਰਾਂ ਦੇ ਨਾਲ ਅੰਗੀਠੇ ਪਾਸ ਆਈ। ਉਸਦੇ ਘਾਵ ਬੱਧੇ ਗਏ, ਜਲ ਪਿਲਾਇਆ ਗਿਆ। ਜੰਗ ਦਾ ਸਾਰਾ ਵਿਰਤੰਤ ਮਾਈ ਨੇ ਸਤਿਗੁਰਾਂ ਨੂੰ ਆਪ ਦੱਸਿਆ ਕਿ ਆਪ ਦੇ ਚਲੇ ਜਾਣ ਮਗਰੋਂ ਕੀਕੂੰ ਗੁਰਮਤਾ ਹੋਇਆ? ਕੀਕੂੰ ਸਿੰਘ ਨਿੱਤਰੇ ਤੇ ਕੀਕੂੰ ਅਜਿੱਤ ਬਹਾਦਰੀ ਨਾਲ ਕੱਟ ਕੇ ਮਰੇ? ਸੁਣਕੇ ਸਤਿਗੁਰ ਜੀ ਦੇ ਨੈਣ ਕਈ ਵੇਰ ਪਿਆਰ ਨਾਲ ਭਰ ਭਰ ਕੇ ਆਏ ਤੇ ਅਸੀਸਾਂ ਦੇਂਦੇ ਰਹੇ। ਅੰਤ ਗੁਰੂ ਜੀ ਨੇ ਭਾਗੋ ਨੂੰ ਮਹਾਂ ਸਿੰਘ ਦੀ ਅੰਤਲੀ ਕਰਨੀ ਸੁਣਾਈ। ਭਾਗੋ ਦੀ ਬਹਾਦਰੀ ਤੇ ਕਰਨੀ ਉਤੇ ਗੁਰੂ ਜੀ ਨੇ ਵਰ ਦਿੱਤੇ ਤੇ ਸੰਗਤ ਵਿਚ ਮਹਿੰਮਾਂ ਹੋਈ। ਮਾਈ ਭਾਗੋ ਦੀ ਕਰਨੀ ਤੇ ਉੱਚਤਾ ਦਾ ਕੁਛ ਨਕਸ਼ਾ ਅਗ਼ਲੀ ਕਵਿਤਾ ਵਿਚ ਅੰਕਿਤ ਹੈ:-

ਦੁਨੀਆਂ ਦੀ ਉਂਗਲ ਤੋਂ ਉਚਾ ਦਾਗ਼ ਦੋਖ ਤੋਂ ਖਾਲੀ,  
ਤੇਰਾ ਤੰਬੂ ਨਿੱਕਾ ਜੇਹਾ, ਦੇਂਦਾ ਪਿਆ ਦਿਖਾਲੀ।  
ਨਿੰਦਾ ਦੀ ਨਹੀਂ ਪਹੁੰਚ ਓਸ ਥਾਂ ਜਿਸ ਟਿੱਬੀ ਤੈਂ ਡੇਰਾ,  
ਕੁਈ ਉਲ੍ਹਾਮਾ ਉੱਡ ਨ ਪਹੁੰਚੇ, ਉੱਚ ਟਿਕਾਣਾ ਤੇਰਾ।  
ਤੂੰ ਲੰਮੀ ਉੱਚੀ ਤੇ ਭਰਵੀਂ ਸੂਰਤ ਰੰਗ ਜਲਾਲੀ,  
ਤਰਸਾਂ ਵਾਲੀ ਪਰ ਭੈ ਨਾਂਹੀ, ਚੜ੍ਹੀ ਸੱਚ ਦੀ ਲਾਲੀ।  
ਸੱਚ ਉਭਰੇਂਦਾ ਸੀਨੇ ਤੇਰੇ, ਚਿਹਰੇ ਸਿਦਕ ਚੜ੍ਹੇਂਦਾ,  
ਤੋੜ ਨਿਭਾਵਨ ਵਾਲਾ ਖੇੜਾ ਲੂੰ ਲੂੰ ਵਿੱਚ ਵਸੇਂਦਾ।  
ਸੱਜੇ ਖੱਬੇ ਤੱਕੇਂ ਨਾਂਹੀ ਪਿੱਛੇ ਮੁੜ ਨਾ ਦੇਖੇਂ,  
ਅੱਗੇ ਤਾਂਘ ਅਗੇਰੇ ਰੱਖੇਂ ਅੱਗਾ ਅੱਗਾ ਵੇਖੇਂ।  
'ਸੱਚ' 'ਸਿਦਕ' ਦੇ ਤਾਰੇ ਤੇਰੀ ਅੱਖੀਂ ਅਰਸ਼ੋਂ ਆਏ,  
ਨਜ਼ਰ ਉਚੇਰੀ ਅਰਸ਼ਾਂ ਵੰਨੇ, ਪੱਕੀ ਗਏ ਟਿਕਾਏ।

ਟਕ ਬੰਨੀਂ ਦੋਹਾਂ ਤੇ ਤੂੰ ਹੈਂ, ਵਧਦੀ ਵਧਦੀ ਜਾਏਂ,
ਇੱਕੋ ਸਾਂਗ ਹੱਥ ਦੀ ਤੇਰੀ ਦੁਨੀਆਂ ਰਾਹ ਦਿਖਾਏ।
ਭਾਗੋ! ਤੂੰ ਭਾਗਾਂ ਹੈਂ ਵਾਲੀ, ਬਡੈ ਭਾਗ ਹਨ ਤੇਰੇ,
ਭਾਗ ਗਏ ਤੈਂ ਪਾਸੋਂ ਪਾਪੀ ਪੰਜ ਦੂਤ ਚਕ ਡੇਰੇ।
ਨਿਤਰੀ ਨੂੰ, ਨਿੱਤਰ ਵਿਚ ਬਲਦੇ ਸੱਚੀ ਸਾਂਗ ਘੁਕਾਈ,
ਡੁੱਬੇ ਤਰੇ, ਨਿੱਤਰੇ ਵੀਰਨ ਤਿੱਖੀ ਤੇਗ ਚਲਾਈ।
ਤੇਰੇ ਸਿਦਕ ਸਿਤਾਰੇ ਬੀਰਾ! ਕਿੰਨੇ ਰਾਹ ਲਗਾਏ,
ਸੱਚੇ ਯਗ, ਸਿਦਕਾਂ ਯਗਵੇਦੀ, ਹਸ ਹਸ ਹੋਮ ਕਰਾਏ।
ਤੂੰ ਚਾਨਣ, ਸਾਗਰਿ ਘਰ ਚਾਨਣ, ਬੜਿਆਂ ਰਾਹ ਦਿਖਾਏਂ,
ਤੈਂ ਵਲ ਤੱਕ ਬਚੇ ਕਈ ਬੋਹਿਥ, ਰਸਤੇ ਜਿਨ੍ਹਾਂ ਖੁੰਝਾਏ।
ਤੂੰ ਮੀਨਾਰ, 'ਮੁਨਾਰਾ ਚਾਨਣ', ਤੂੰ ਪਾਂਧੀਆਂ ਦਾ ਤਾਰਾ,
ਅੱਚੁਤ ਸਦਾ ਨਿਰੋਲ ਲਿਸ਼ਕਦਾ ਤੇਰਾ ਹੈ ਚਮਕਾਰਾ।
ਪ੍ਰੀਤ 'ਕਲਗੀਆਂ ਵਾਲੇ' ਵਾਲੀ ਪੰਥ ਸੇਵ ਦੀ ਕਰਨੀ,
ਉਸ ਵਿਚ ਸੇਵਾ ਭਾਗੋ! ਤੇਰੀ ਸਦਾ ਸਾਖ ਹੈ ਭਰਨੀ।
ਪੀੜ੍ਹੀਆਂ ਅੰਦਰ ਭਾਗੋ! ਤੂੰ ਤਾਂ ਭਾਗ ਸਦਾ ਹਨ ਲਾਣੇ,
ਸਿੰਘਣੀਆਂ ਵਿਚ ਭਾਗੋ! ਤੂੰ ਹਨ ਰਸਤੇ ਸਦਾ ਦਿਖਾਣੇ।
ਜਿਸਨੇ ਭਾਗੋ ਭਾਗੀ ਕੀਤੀ, ਸੱਚ ਸਿਦਕ ਦੇ ਤਾਰੀ,
ਉਸ ਪ੍ਰੀਤਮ ਦੀ ਸ਼ਰਨ ਪਕੜਕੇ, ਤਰੀਓਂ ਭਵਜਲ ਤਾਰੀ।
ਭਾਗੋ ਵਰਗੀਆਂ 'ਜੀਵ ਮੂਰਤਾਂ' ਜਿਸ ਨੱਕਾਸ਼ ਬਣਾਈਆਂ,
ਉਸ ਦੀ ਕਲਮ ਹੇਠ ਆ ਜਾਓ, ਸ਼ੋਭਾ ਵਧਣ ਸਵਾਈਆਂ*

ਹੁਣ ਇਕੋ ਕੰਮ ਬਾਕੀ ਸੀ, ਸੋ ਬੀ ਆਪਣੇ ਹੁਕਮ ਨਾਲ ਆਪਣੇ ਸਾਹਮਣੇ ਕਰਵਾਯਾ। ਲੱਕੜ ਕਾਠ ਜਮਾਂ ਕਰਵਾਕੇ ਸਾਰਿਆਂ ਨੂੰ ਅਗਨੀ ਦੇਵਤਾ ਦੀ ਗੋਦ ਵਿਚ ਬਿਠਾ ਦਿੱਤਾ ਜੋ ਉਨ੍ਹਾਂ ਦੇ ਭੌਤਕ ਸਰੀਰਾਂ ਨੂੰ ਇਸ

---

* ਸ੍ਰੀ ਕਲਗੀਧਰ ਚਮਤਕਾਰ। (ਪੰਨਾ ੨੦੦-੨੦੧)

 www.sikhbookclub.com

ਲੋਕ ਤੋਂ ਲੋਪ ਕਰ ਲਏ ਤੇ ਕੋਈ ਉਨ੍ਹਾਂ ਬਲੀਦਾਨ ਹੋਏ ਸਰੀਰਾਂ ਦੀ ਬੇਅਦਬੀ ਨਾਂ ਕਰ ਸਕੇ। ਫਿਰ ਆਗਜ਼ਾ ਕੀਤੀ ਕਿ ਹੁਣ ਇਸ ਥਾਂ ਨੂੰ ਖਿਦਰਾਣੇ ਦੀ ਢਾਬ ਨਾਂ ਕੋਈ ਆਖੇ ਹੁਣ ਇਹ ਮੁਕਤਸਰ ਹੈ* ਜਿਥੇ ਕਿ ਇਹ ਆਪੇ ਨੂੰ ਪਜਾਰ ਨਾ ਕਰਨ ਵਾਲੇ, ਆਪਾ ਜਿੱਤ ਲੈਣ ਵਾਲੇ, ਆਪੇ ਨੂੰ ਸੁੱਧ ਕਰ ਲੈਣ ਵਾਲੇ ਸੂਰਮੇ ਮੁਕਤੀ ਨੂੰ ਪ੍ਰਾਪਤ ਹੋਏ ਸਨ।

8.

**ਖਾਨਾ-** ਪਾਤਸ਼ਾਹ, ਸੁਹਣੇ ਸੁਹਣੇ ਦੂਲਿਆਂ ਦੇ ਪਾਤਸ਼ਾਹ, ਪਿਤਾ! ਮੂਰਖ ਮੁਰੱਖੇ ਦੀ ਇਕ ਅਰਜ਼ੋਈ ਹੈ। ਤੂੰ ਭਾਣੇ ਦਾ ਸਾਈਂ ਏ, ਭਾਣਾ ਤੇਰਾ ਗਾਖੜਾ ਏ, ਤੇਰੀਆਂ ਤੂਹੋਂ ਜਾਣਦਾ ਏਂ, ਕੀਕੂੰ ਬੇਮੁਖ ਹੋ ਗਏ, ਕੀਕੂੰ ਫੇਰ ਆਪਣੇ ਕਰ ਲਇਓਈ, ਦਿਲਾਂ ਦੀਆਂ ਵਾਗਾਂ ਕਿਵੇਂ ਮੋੜ ਲਈਓਈ ਤੇ ਕਿਵੇਂ ਸਦਕੇ ਹੋ ਹੋ ਸਿਰਾਂ ਦੀ ਖਿੱਦੋ ਪੱਟੀ ਖੇਡ ਗਏ ਨੇ ਤੇਰੇ ਪਰੇ ਕੀਤੇ ਫੇਰ ਉਰੇ ਕੀਤੇ ਆਪਣੇ। ਤੂੰਹੋਂ ਜਾਣੇਂ ਹੁਣ ਕਿਵੇਂ ਕਰਨਾ ਈ ਤੂੰਹੋਂ ਜਾਣੇਂ। ਚਾਕਰ ਦੀ, ਇਕ ਦਰ ਦੇ ਚਾਕਰਾਂ ਵਾਲੀ ਸੋਚ ਏ, (ਹੱਥ ਜੋੜ ਲਏ)।

---

* ਇਹ ਅੰਗੀਠਾ ਠੰਢਾ ਹੋਕੇ ਓਥੇ ਹੀ ਰਿਹਾ, ਕੁਛ ਦਿਨਾਂ ਮਗਰੋਂ ਸਤਿਗੁਰ ਜੀ ਫੇਰ ਆਏ ਤੇ ਨਿਸ਼ਾਨ ਕਾਯਮ ਕੀਤੇ। ਪਿਛੋਂ ਜਦੋਂ ਸਮੇਂ ਬੀਤੇ ਤੇ ਖਾਲਸੇ ਦੇ ਦਲਾਂ ਨੇ ਥਾਂ ਢੂੰਡਿਆ ਤਾਂ ਭਾਈ ਲੰਗਰ ਸਿੰਘ ਨੇ, ਜੋ ਤਦੋਂ ਸਤਿਗੁਰੂ ਜੀ ਦੇ ਨਾਲ ਸਨ ਤੇ ਫੇਰ ਹਰੀਕੇ ਪਿੰਡ ਰਹੇ ਸਨ, ਨਿਸ਼ਾਨ ਪਤਾ ਦੱਸਿਆ ਤੇ ਖਾਲਸੇ ਨੇ ਪੱਕਾ ਸ਼ਹੀਦਗੰਜ ਬਣਾਇਆ ਤੇ ਮਾਘੀ ਦਾ ਮੇਲਾ ਯਾਦਗਾਰ ਬਣਾਇਆ। ਇਹ ਜੰਗ ਵਿਸਾਖ ਦਾ ਹੈ, ਪਰ ਮਾਘੀ ਠੰਢੀ ਰੁਤ ਕਰਕੇ ਥਾਪੀ ਸੀ ਜੋ ਵੈਸਾਖ ਵਿਚ ਏਥੇ ਗਰਮੀ ਬਹੁਤ ਹੁੰਦੀ ਹੈ। ਖਿਦਰਾਣੇ ਦੀ ਢਾਬ ਵਿਚ ਇਰਦ ਗਿਰਦ ਦਾ ਪਾਣੀ ਚਲਕੇ ਜਮਾਂ ਹੁੰਦਾ ਸੀ ਤੇ ਸਾਲ ਭਰ ਰਹਿੰਦਾ ਤੇ ਫੇਰ ਬਰਖਾ ਆ ਜਾਂਦੀ ਸੀ। ਹੁਣ ਓਸੇ ਦਾ ਸਰੋਵਰ ਬਣ ਗਿਆ ਹੈ। ਇਸ ਸਾਲ ਇਹ ਢਾਬ ਛੇਤੀ ਸੁੱਕ ਗਈ ਸੀ। ਤਦ ਤੋਂ ਹੁਣ ਤਾਈਂ ਨਾਉਂ ਮੁਕਤਸਰ ਹੈ, ਜ਼ਿਲਾ ਫੀਰੋਜ਼ਪੁਰ ਹੈ, ਰੇਲ ਦਾ ਸਟੇਸ਼ਨ ਹੈ, ਪੱਕਾ ਸਰ ਬੀ ਹੈ, ਨਗਰੀ ਬੀ ਵੱਸ ਪਈ ਹੈ, ਗੁਰਦੁਆਰਾ ਹੈ। ਇਥੇ ਜੋ ਯਾਦਗਾਰੀ ਸਥਾਨ ਹਨ ਏਹ ਹਨ:- ੧. ਸ਼ਹੀਦ ਗੰਜ, ਜਿਥੇ ਸ਼ਹੀਦਾਂ ਦਾ ਸਸਕਾਰ ਹੋਯਾ। ੨. ਟਿੱਬੀ ਸਾਹਿਬ ਜਿਥੋਂ ਆਪ ਤੀਰ ਚਲਾਉਂਦੇ ਰਹੇ। ੩. ਤੰਬੂ ਸਾਹਿਬ, ਜਿਥੇ ਸਿੰਘਾਂ ਨੇ ਡੇਰਾ ਪਾ ਕੇ ਲੜਾਈ ਕੀਤੀ। ੪. ਵਡਾ ਦਰਬਾਰ-ਜਿਥੇ ਸਤਿਗੁਰ ਫਿਰ ਆ ਵਿਰਾਜੇ।

ਗੁਰੂ ਜੀ- ਮੁਰੱਖਿਆ! ਦੱਸ ਬਈ ਤੂੰ ਬੀ ਓਪਰਾ ਨਹੀਂ, ਆਪਣਾ ਹੈਂ, ਘਾਲ ਘਾਲੀ ਆ ਅਕਲਾਂ ਵਾਲੀ, ਥਹੁ ਪਤੇ ਖਬਰਾਂ ਦੇ ਦੇਕੇ ਸੇਵਾ ਕਰ ਲਈ ਆ। ਪਰਜਾ ਦੇ ਛੁਟਕਾਰੇ ਦੇ ਮਹਾਂ ਯੱਗ ਵਿਚ ਤੇਰੀ ਵਲੋਂ ਬੀ ਆਹੂਤੀਆਂ ਪੈ ਗਈਆਂ ਹਨ, ਹੁਣ ਦੱਸ ਤੇਰਾ ਵੀਚਾਰ ਕੀਹ ਏ?

ਖਾਨਾ- ਹਜ਼ੂਰ, ਜਿਥੇ ਬੈਠੇ ਹੋ ਟਿੱਬੀ ਏ ਉੱਚੀ, ਖਿਦਰਾਣੇ ਵਿਚ ਤਾਂ ਸੁੱਕ ਈ ਸੁੱਕ ਪਈ ਪਿਆਰਿਆਂ ਦੀਆਂ ਆਸਾਂ ਉਮੈਦਾਂ ਨੂੰ ਡੋਬਣ ਦੇ ਤਰਲੇ ਲੈ ਰਹੀਏ। ਸਿੰਘਾਂ ਦਾ ਕੱਠਾ ਕੀਤਾ ਨਾਲ ਆਂਦਾ ਪਾਣੀ ਮੁੱਕ ਟੁਰਿਆ ਏ। ਭਾਵੇਂ ਆਪ ਨਾਲ ਹੁਣ ਬਹੁਤੇ ਸੂਰਮੇ ਨਹੀਂ ਪਰ ਆਖਰ ਪਾਣੀ ਪਾਣੀ ਏਂ ਤੇ ਪਾਣੀ ਦੀ ਲੋੜ ਡਾਢੀ ਏ। ਸਿੰਘ ਆਸਾ ਦੀ ਵਾਰ ਵਿਚ ਪੜ੍ਹਦੇ ਮੈਂ ਸੁਣੇ ਹਨ "**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ**"। ਸੋ ਪਾਣੀ ਵਾਲੇ ਥਾਂ ਹੁਣ ਚੱਲੋ, ਥੋੜੀ ਕੁ ਵਾਟ ਤੇ ਇਕ ਪਾਸੇ ਨਿੱਕੀ ਜਿਹੀ ਢਾਬ ਹੈ ਤੇ ਉਹ ਸਰਦੀ ਹੈ। ਜੇ ਆਪਣੇ ਨਿੱਕੇ ਜਿਹੇ ਦਲ ਨੂੰ ਓਥੇ ਲੈ ਚੱਲੋ ਤਾਂ ਪਾਣੀ ਦਾ ਤੋਟਾ ਨਾਂ ਪਵੇਗਾ।

ਗੁਰੂ ਜੀ- ਪਾਣੀ ਕਾਫ਼ੀ ਹੋਸੀ?..... ਕੋਈ ਨੇੜੇ ਤੇੜੇ ਦਾ ਤੌਖਲਾ.....।

ਖਾਨਾ- ਪਾਣੀ ਥੋੜਾ ਹੈ ਪਰ ਆਪ ਜੀ ਦੇ ਸੰਗ ਲਈ ਕਾਫ਼ੀ ਹੈ ਤੇ ਨਿਰਮਲ ਵੀ। ਤੌਖਲਾ ਕੋਈ ਨਹੀਂ, ਉਜਾੜ ਪਈ ਹੈ। ਦੂਰ ਕੁਛ ਥੇਹ ਹੈ ਪੁਰਾਣਾ, ਕਦੇ ਵਸੋਂ ਹੁੰਦੀ ਸੀ ਘੁੱਘ। ਹਾਂ, ਇਕ ਜੋਗੀ ਦਾ ਟਿਕਾਣਾ ਹੈ ਇਸ ਜਲ ਦੇ ਕਿਨਾਰੇ। ਉਸ ਦਾ ਸੰਗ ਸਾਧ ਚੇਲੇ ਬਾਲੇ ਹੈਨ ਯਾ ਆਏ ਗਏ।

ਗੁਰੂ ਜੀ ਨੇ 'ਕਦੇ ਵਸੋਂ ਸੀ' ਸੁਣ ਕੇ ਨੈਣ ਮੁੰਦ ਲਏ ਤੇ ਫੇਰ ਬੋਲੇ -ਹਾਂ ਪੁਰਾਣਾ ਟਿਕਾਣਾ ਹੈ, ਚੱਲ ਬਈ ਖਾਨਾ!

ਇਉਂ ਕਹਿ ਟਿੱਬੀ ਤੋਂ ਕੂਚ ਕੀਤਾ ਤੇ ਉਸ ਸਰ ਦੇ ਕਿਨਾਰੇ ਜਾ ਡੇਰਾ ਲਾਇਆ। ਖਾਨਾਂ ਹੁਣ ਵਿਦਾ ਹੋ ਗਿਆ ਜੋ ਕਪੂਰੇ ਨੂੰ ਜਾ ਮਿਲੇ ਤੇ ਗੁਰੂ ਜੀ ਦਾ ਸਾਰਾ ਹਾਲ ਦੱਸ ਦੇਵੇ ਕਿ ਓਹ ਸਲਾਮਤੀ ਦੇ ਟਿਕਾਣੇ ਬੈਠੇ ਹਨ ਤੇ ਜੇ ਲੋੜ ਪਵੇ ਤਾਂ ਕਪੂਰਾ ਕੋਈ ਹੋਰ ਸੁਨੇਹਾ ਗੁਰੂ ਜੀ ਨੂੰ ਘੱਲਣਾ ਚਾਹੇ

ਤਾਂ ਇਸ ਆਪਣੇ ਮਾਤਬਰ ਤੇ ਅਨਿੰਨ ਸੇਵਕ ਦੇ ਹੱਥੀਂ ਘੱਲ ਸਕੇ। ਖਾਨੇ ਨੇ ਪਹੁੰਚਕੇ ਅਪਣੇ ਮਾਲਕ ਨੂੰ ਤਾਂ ਸਭ ਕੁਛ ਦੱਸ ਦਿੱਤਾ ਪਰ ਹੋਰ ਕਿਸੇ ਨਾਲ ਨਾਂ ਕੁਛ ਕੁਇਆ ਸਹਿਆ।

## ੫. ਜੋਗ।

**ਸਰ** ਯਾਂ ਢਾਬ ਦੇ ਦੂਜੇ ਪਾਸੇ ਇਕ ਜੋਗੀ ਦਾ ਆਸ਼੍ਰਮ ਸੀ। ਇਸ ਦੇ ਆਸ਼੍ਰਮ ਵਿਚ ਖਬਰ ਹੋਈ ਕਿ ਪਾਰਲੇ ਕੰਢੇ ਕੋਈ ਵੱਡੇ ਲੋਕ ਜੀ ਆ ਉਤਰੇ ਹਨ। ਤਦ ਉਸ ਸਾਧ ਜੋਗੀ ਨੇ ਸੇਵਕਾਂ ਨੂੰ ਪੁੱਛਿਆ ਕਿ ਕਉਣ ਹੈ ਬਈ ਜੋ ਪਾਰ ਆ ਉਤਰਿਆ ਹੈ? ਸੇਵਕਾਂ ਨੇ ਵਿਚਰ ਰਹੇ ਕੁਛ ਸਿਖਾਂ ਤੋਂ ਪੁੱਛ ਪੁਛਾ ਕੇ ਦੱਸਿਆ ਕਿ ਗੁਰੂ ਹੈ ਗੋਬਿੰਦ ਸਿੰਘ- ਗੁਰੂ ਨਾਨਕ ਦਾ ਗਦੀ ਨਸ਼ੀਨ। ਨਾਲੇ ਤਾਂ ਗੁਰੂ ਹੈ ਨਾਲੇ ਜੋਧਾ ਹੈ। ਕਈ ਵੇਰ ਤੁਰਕਾਂ ਨੂੰ ਵਖਤ ਪਾ ਚੁਕਾ ਹੈ। ਜੋ ਹੀਆ ਕਿਸੇ ਦਾ ਨਹੀਂ ਸੀ ਪੈਂਦਾ ਕਿ ਮੁਗਲ ਨਾਲ ਕੋਈ ਟੱਕਰ ਲਏ। ਇਸ ਜੋਧੇ ਨੇ ਮੁਗਲ ਰਾਜ ਦੇ ਇਸ ਮਧਜਾਨ ਕਾਲ ਦੇ ਤਪ ਤੇਜ ਵਿਚ ਵੱਟਾ ਮਾਰ ਕੇ ਦਿਖਾ ਦਿੱਤਾ ਹੈ ਕਿ ਮੁਗਲ ਅਜਿੱਤ ਨਹੀਂ ਹੈ। ਖਬਰੇ ਜ਼ੁਲਮ ਰਾਜ ਦਾ ਸੂਰਜ ਅਸਤ ਹੀ ਕਰ ਦੇਵੇ।

ਸਾਧੂ ਨੇ ਕਿਹਾ ਆਰਬਲਾ ਕਿਤਨੀ ਕੁ ਹੋਊ? ਚੇਲੇ ਨੇ ਕਿਹਾ ਕੋਈ ਤ੍ਰੀਹ ਚਾਲੀ ਹੋਸੀ। ਚਾਲੀ ਤੋਂ ਹੇਠਾਂ ਹੋਸੀ:-

*ਸੁਨਤਿ ਸਾਧ ਤਰਕਤਿ ਕਹਿ ਬੈਠਾ:*
*ਤਿਸ ਗੁਰ ਤੇ ਹਮ ਨੇ ਕਯਾ ਲੈਨਾ।*
*ਸਾਧੀ ਸਾਧਨਾ ਹੋਇ ਨ ਕੋਈ।*
*ਸ਼ਾਂਤਿ ਸਮੇਤ ਨਹੀਂ ਚਿਤ ਹੋਈ॥੩੭॥*

(ਸੂ.ਪ੍ਰ.ਐਨ੧, ਅੰਸੂ ੧੩)

ਇਹ ਕਹਿਕੇ ਸਾਧ ਨੇ ਦਰਸ਼ਨ ਲਈ ਜਾਣ ਦੀ ਸਲਾਹ ਛਡ ਦਿੱਤੀ। ਸੋ ਆਪ ਤਾਂ ਨਾ ਆਇਆ, ਪਰ ਚੇਲੇ ਆਉਣ ਜਾਣ ਲੱਗ ਪਏ।

 www.sikhbookclub.com

ਉਪਰਲੀ ਗੱਲ ਬਾਤ ਜਦ ਗੁਰੂ ਜੀ ਪਾਸ ਅੱਪੜੀ ਤਾਂ ਜੋਗੀ ਦੇ ਦੋ ਚਾਰ ਚੇਲੇ ਦਰਸ਼ਨਾਂ ਨੂੰ ਆਪੇ ਆਏ ਯਾ ਸਾਧੂ ਦੇ ਘੱਲੇ ਹੋਏ ਆਏ ਸਿਖਾਂ ਦੇ ਨਾਲ ਬੈਠੇ ਹੋਏ ਸਨ।

ਗੁਰੂ ਜੀ ਸੁਣ ਕੇ ਮੁਸਕ੍ਰਾਏ ਤੇ ਕਹਿਣ ਲੱਗੇ: ਮਾਯਾ ਪ੍ਰਬਲ ਹੈ, ਗ੍ਰਿਹਸਤੀ, ਦੁਨੀਆਂਦਾਰ, ਰਾਉ, ਰੰਕ ਸਭ ਨੂੰ ਘੇਰੇ ਬੈਠੀ ਹੈ, ਪਰ ਦੇਖੋ ਤਯਾਗੀਆਂ ਤੇ ਜੋਗੀਆਂ ਨੂੰ ਬੀ ਆ ਵਰਦੀ ਹੈ। ਜੇ ਭਲਾ ਹਠ ਜੋਗ ਦੀਆਂ ਕਸਰਤਾਂ ਕਰਕੇ ਸਰੀਰ ਨਿਰੋਗ ਕਿ ਵਡੀ ਉਮਰਾ ਵਾਲਾ ਕਰ ਲਿਆ ਤਾਂ ਕਾਹਦਾ ਮਾਣਾਂ, ਕਿਸੇ ਇਕੋ ਚੋਲਾ ਦੇਰ ਪਾ ਬਣਾਕੇ ਪੁਰਾਣਾ ਪਾਈ ਰਖਿਆ, ਕਿਸੇ ਨਵੇਂ ਨਵੇਂ ਛੇਤੀ ਛੇਤੀ ਬਦਲ ਲਏ। ਜੇ ਤਾਂ ਸਾਈਂ ਦਿੱਤੇ ਕਿਸੇ ਨੇ ਪਾਏ ਤੇ ਸਾਈਂ ਦਾ ਕੰਮ ਕਰਨ ਏਥੇ ਆ ਗਿਆ ਤਾਂ ਨਵੇਂ ਚੰਗੇ ਤੇ ਜੇ ਕਰਮਾਂ ਦਾ ਬੱਧਾ ਆਇਆ ਤੇ ਕਰਮਾਂ ਅਨੁਸਾਰ ਕਪੜਾ ਗਲ ਪਾ ਆਇਆ* ਤਾਂ ਜੇਹਾ ਨਵਾਂ ਜੇਹਾ ਪੁਰਾਹਣਾ, ਗਲੋਂ ਤਾਂ ਨਾਂ ਲੱਥਾ ਕਪੜਾ ਜੋ ਕਰਮਾਂ ਦਾ ਜ਼ੰਜ਼ੀਰ ਹੋਇਆ ਮਾਨੋ। ਹਾਂ, ਜੇ ਕੋਈ ਇਕੋ ਚੋਲੇ ਨੂੰ ਵਧੇਰਾ ਚਿਰ ਹੰਢਣ ਵਾਲਾ ਬਣਾਵੇ ਤ ਕਾਰ ਬੀ ਉਹ ਕਰੇ ਜਿਸ ਨਾਲ ਕਰਮ ਵੱਸ ਹੋ ਕੇ ਮੁੜ ਨਾ ਪਾਉਣਾ ਪਵੇ ਤਾਂ ਤਾਂ ਗਲ ਚੰਗੀ ਹੋ ਗਈ। ਜੇ ਉਹ ਕਾਰ ਨਾਂ ਹੋਵੇ ਤਾਂ ਨਿਰਾ ਪੁਰਾਣੇ ਚੋਲੇ ਦਾ ਮਾਣਾ ਮਾਇਆ ਦਾ ਆਵਰਣ ਹੀ ਹੈ ਨਾਂ, ਹੰਕਾਰ ਦੀ ਹੀ ਸੂਰਤ ਹੈ ਨਾਂ। ਹਉਮੈਂ ਹੀ ਹੈ ਨਾਂ ਦੇਹ ਦਾ ਹੇਤੂ। ਜੇਹੀ ਹਉਮੈ ਰਾਜ ਭਾਗ ਦੀ ਜੇਹੀ ਕੰਗਾਲਤਾਈ ਦੀ, ਜੇਹੀ ਵਡੀ ਉਮਰਾ ਦੀ, ਜੇਹੀ ਰਿਧੀ ਸਿਧੀ ਪ੍ਰਾਪਤੀ ਦੀ।.... **ਨਾਨਕਾ ਸਭ ਵਾਉ**।

(ਸਿਰੀ ਰਾਗ ਮਹਲਾ ੧)

ਇਸ ਵੇਲੇ ਇਕ ਸਿਖ ਨੇ ਪੁੱਛਿਆ: ਪਾਤਸ਼ਾਹ ਕਿੰਨੀ ਕੁ ਉਮਰਾ ਹੋਸੀ ਸਾਧੂ ਦੀ? ਗੁਰੂ ਜੀ ਨੇ ਜਿੰਨੀ ਉਸ ਦੀ ਉਮਰਾ ਸੀ ਦੱਸ ਦਿਤੀ। ਚੇਲਿਆਂ ਨੇ ਸਾਰੀ ਗਲ ਬਾਤ ਜੋਗੀ ਨੂੰ ਆ ਦੱਸੀ।

---

*  ਕਰਮੀ ਆਵੈ ਕਪੜਾ

ਯੋਗੀ ਸੁਣ ਕੇ ਕੁਝ ਹਰਾਨਿਆਂ, ਬਉਰਾਨਿਆਂ ਤੇ ਫੇਰ ਨੈਣ ਮੁੰਦ ਕੇ ਸੋਚੀਂ ਪੈ ਗਿਆ। ਫੇਰ ਅੱਖਾਂ ਖੋਹਲਕੇ ਕਹਿਣ ਲਗਾ:- ਦਰਸ਼ਨ ਕਰਨਾਂ ਹੀ ਬਣਦਾ ਹੈ। ਇਕ ਚੇਲੇ ਨੇ ਪੁੱਛਿਆ:- ਆਪ ਦੀ ਸਲਾਹ ਕਿਵੇਂ ਬਦਲ ਗਈ ਏ? ਜੋਗੀ ਬੋਲਿਆ:- ਉਹਨਾਂ ਦਾ ਮੇਰੀ ਉਮਰਾ ਦਾ ਅੰਦਾਜ਼ਾ ਠੀਕ ਠੀਕ ਦੱਸ ਦੇਣਾ ਇਹ 'ਧਯਾਨ ਸਿੱਧ ਯੋਗੀ' ਦਾ ਲੱਛਣ ਹੈ। ਹੋਰ ਕੌਣ ਭੂਤ* ਵਿਚ ਇਤਨੀ ਗੰਮਤਾ ਰਖ ਸਕਦਾ ਹੈ। ਉਨ੍ਹਾਂ ਦਾ ਇਹ ਪਛਾਣ ਲੈਣਾ ਕਿ ਮੈਂ ਹਠ ਯੋਗੀ ਤਾਂ ਹਾਂ ਤੇ ਹਠ ਯੋਗ ਨੂੰ ਮਾੜਾ ਨਾਂ ਕਹਿਣਾ ਪਰ ਠੀਕ ਮੁੱਲ ਪਾ ਦੇਣਾ ਤੇ ਪਛਾਣ ਲੈਣਾ ਕਿ ਮੈਂ ਕਲਯਾਨ ਮਾਰਗ ਤੇ ਨਹੀਂ ਟੁਰਿਆ, ਕੇਵਲ ਹਠ ਯੋਗ ਦੇ ਸਾਧਨਾਂ ਤੇ ਸਰੀਰਕ ਪ੍ਰਾਪਤੀ ਦਾ ਮਾਨ ਧਾਰੀ ਹਾਂ; ਇਹ ਲੱਛਣ ਬ੍ਰਹਮ ਗਯਾਨੀ ਦਾ ਹੈ। ਫਿਰ ਇਸ ਉਮਰੇ ਇਹ ਪ੍ਰਾਪਤੀ ਹੋਣੀ ਤੇ ਮੁਗਲ ਰਾਜ, ਜਿਸ ਵੱਲ ਕੈਰੀ ਅੱਖ ਕੋਈ ਨਹੀਂ ਤੱਕ ਸਕਦਾ, ਉਸ ਨੂੰ ਤੋੜਨ ਤੇ ਲੱਕ ਬੰਨ੍ਹ ਖੜੋਣਾ ਤੇ ਟੱਕਰ ਮਾਰ ਦੇਣੀ ਇਹ ਅਵਤਾਰੀ ਸਤਯਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਸਰੀਰ ਕਰਮਾਂ ਅਨੁਸਾਰ ਬਣਦਾ ਹੈ ਤੇ ਕਰਮ ਜਾਲ ਵਿਚ ਬੱਧੇ ਸਰੀਰ ਜੰਮਦੇ ਮਰਦੇ ਹਨ, ਇਹ ਤਾਂ ਗਲ ਵਿਦਵਾਨ ਵੀ ਕਹਿ ਸਕਦੇ ਹਨ, ਪਰ ਇਹ ਕਹਿਣਾ ਕਿ ਕੋਈ ਸਰੀਰ ਨਿਰੇ ਮਾਲਕ ਦੇ 'ਹੁਕਮ' ਵਿਚ ਨਵੇਂ ਕਪੜੇ ਪਹਿਨਦੇ ਹਨ, ਇਹ ਉਨ੍ਹਾਂ ਦੇ 'ਕਾਰਕ' ਹੋਣ ਦਾ ਚਿੰਨ੍ਹ ਹੈ। ਉਨ੍ਹਾਂ ਦਾ ਚੋਲਾ ਕਰਮਾਂ ਦਾ ਦਿੱਤਾ ਚੋਲਾ ਨਹੀਂ, ਮਾਲਕ ਦੀ ਦਾਤ ਹੈ। ਇਸ ਕਰਕੇ ਉਹ ਕਾਰਕ** ਹਨ। ਇਨ੍ਹਾਂ ਕਾਰਨਾਂ ਕਰਕੇ ਉਹ ਇਸ ਉਮਰ ਇਤਨੇ ਕਾਰਜ ਕਰ ਰਹੇ ਹਨ। ਮਹਾਨ ਪੁਰਖ ਹਨ, ਮਹਾਨ ਸ਼ਕਤੀਵਾਨ ਹਨ, ਅਵਤਾਰ ਹਨ, ਉਨ੍ਹਾਂ ਦੇ ਦਰਸ਼ਨ ਬਣਦੇ ਹਨ ਤੇ ਉਨ੍ਹਾਂ ਤੋਂ ਕਲਯਾਨ ਦੀ ਦਾਤ ਮੰਗਣੇ ਦਾ ਅਵਸਰ ਸ਼ਾਯਦ ਪ੍ਰਭੂ ਨੇ ਮੇਰੇ ਲਈ ਉਨ੍ਹਾਂ ਦੇ ਇਥੇ ਆਉਣ ਵਿਚ ਆਪ ਬਣਾਇਆ ਹੈ।

---

* ਬੀਤਚੁਕਾ ਸਮਾਂ।

** ਧੁਰ ਤੋਂ ਸ੍ਰਿਸਟੀ ਦੇ ਉਧਾਰ ਲਈ ਘੱਲੇ ਹੋਏ ਮਹਾਂਪੁਰਖ।

ਇਸ ਪ੍ਰਕਾਰ ਦੀ ਵੀਚਾਰ ਮਗਰੋਂ ਯੋਗੀ ਦਰਸ਼ਨ ਲਈ ਸਤਿਗੁਰ ਦੇ ਦਰਬਾਰ ਆ ਪਹੁੰਚਾ।

ਯਥਾ- ਉਠਜੋ ਤੁਰਤ ਲੇ ਹਾਥ ਸਟੋਰੀ।
ਸਨੇ ਸਨੇ ਗਮਨਜੋ ਪ੍ਰਭੁ ਓਰੀ।
ਆਗੈ ਗੁਰ ਕੇ ਲਗਜੋ ਦਿਵਾਨ।
ਕਰਤ ਸਿੰਘ ਰਹੁਰਾਸ ਬਖਾਨ।

*(ਸੂ:ਪ੍ਰ:ਐਨ੧ ਅੰਸੂ ੧੩)*

ਸਾਧੂ ਨੂੰ ਦੇਖਕੇ ਸਤਿਗੁਰਾਂ ਨੇ ਪਜਾਰ ਨਾਲ ਕਿਹਾ ਸਾਧ ਰਾਮ ਆਓ, ਜੀ ਆਏ, ਬੈਠ ਜਾਓ, ਦਿਓ ਲਓ ਦਰਸ਼ਨ ਸਾਧ ਸੰਗਤ ਦੇ। ਜਦ ਭੋਗ ਪੈ ਗਿਆ ਤਾਂ ਆਦਰ ਨਾਲ ਜੋਗੀ ਨੂੰ ਆਪਣੇ ਕੋਲ ਸੱਦ ਬਿਠਾਇਆ ਤੇ ਵਾਰਤਾਲਾਪ ਅਰੰਭ ਹੋ ਗਈ।

ਜੋਗੀ- ਆਪ ਦੇ ਕੀਤੇ ਵਾਕ ਸੁਣੇ ਹਨ, ਮਨ ਨੇ ਅਨੁਮਾਨ ਲਾਇਆ ਹੈ ਕਿ ਆਪ ਇਸ ਕਲਿਯੁਗ ਵਿਚ ਕਾਰਕ ਹੋਕੇ ਆਏ ਹੋ। ਕਾਰਕ ਵੀ 'ਆਪੇ ਆਏ' ਨਹੀਂ ਹੋ ਆਪ 'ਪਠਾਏ ਹੋਏ' ਆਏ ਹੋ, ਮੁਕਤ ਭੁਕਤ ਆਪ ਦੇ ਹੱਥ ਦਿੱਤੀ ਗਈ ਹੈ। ਚਿਰ ਕਾਲ ਤੋਂ ਮੈਂ ਯੋਗ ਸਾਧਨਾ ਵਿਚ ਰਿਹਾ ਹਾਂ, ਪਰ ਕਲਜਾਨ ਮਾਰਗ ਨਹੀਂ ਲੱਭਾ। ਚਿਰਜੀਵੀ ਹਾਂ, ਹੋਰ ਜੀ ਲੈਸਾਂ, ਪਰ ਅੰਤ ਇਹ ਬਿਨਸਨਹਾਰ ਬਿਨਸੇਗਾ, ਫੇਰ ਖੇਡ ਟੁਰੇਗੀ, ਫਿਰ ਉਹੋ ਗੇੜ। ਗੇੜ ਵਿਚੋਂ ਕੱਢੋ। ਮੈਂ ਯਤਨ ਤਾਂ ਕਈ ਲਾਏ ਹਨ ਕਿ ਕੈਵਲ ਤੱਕ ਅੱਪੜਾਂ, ਪਰ ਕਰਮ ਤੇ ਹਠ ਕ੍ਰਿਯਾ ਵਿਚ ਹੀ ਵਿਸ਼ੇਸ਼ ਪ੍ਰੀਤੀ ਰਹੀ ਹੈ। ਪਰ ਅੱਜ ਜੋ ਸੋਝੀ ਆਪ ਦੇ ਬਚਨਾਂ ਤੋਂ ਆਈ ਹੈ ਖਰੀ ਹੈ ਕਿ ਕਰਮ ਧਰਮ ਸਾਧਨ 'ਹਉਂ' ਆਸਰੇ ਹੁੰਦੇ ਹਨ ਤੇ 'ਹਉਂ' ਟੁੱਟਣ ਦਾ ਕੋਈ ਉਪਰਾਲਾ ਨਹੀਂ ਹੁੰਦਾ। ਰਿੱਧੀ ਸਿੱਧੀ, ਵੱਡੀ ਆਯੂ ਤੇ ਮਾਨ ਆਦਿਕ ਸੂਖਮ ਹੋਕੇ ਕਦੇ ਮੋਟੇ ਹੋਕੇ ਵੜੇ ਰਹੇ ਹਨ ਅੰਦਰ। ਹੁਣ ਮਿਹਰ ਕਰੋ ਤੇ ਆਪਣਾ ਦੁਮਰਦਾ ਲਾਕੇ ਕੱਢ ਲਓ ਇਸ 'ਮਾਨ' ਤੋਂ। 'ਮਾਨ' ਮੁਨੀਆਂ, ਮੁਨੀਵਰਾਂ, ਜੋਗੀਆਂ,

ਗਜਾਨੀਆਂ ਸਭ ਨੂੰ ਆਵਰੀ ਰਖਦਾ ਹੈ। ਆਵਰਿਆ ਰਿਹਾ ਹਾਂ। ਹੁਣ ਆਵਰਣ ਦੂਰ ਕਰ ਦਿਓ, ਆਪਣਾ ਕਰ ਲਓ।

ਸਤਿਗੁਰੂ ਜੀ ਬੋਲੇ- ਅਗੇ ਹੀ ਆਪਣੇ ਹੋ ਸਾਧ ਰਾਮ ਜੀ! ਹਠ ਜੋਗ ਮਾੜਾ ਨਹੀਂ, ਪਰ ਹਰ ਸ਼ੈ ਦੀ ਹੱਦ ਹੁੰਦੀ ਹੈ, ਇਸ ਦੀ ਹੱਦ ਹੈ ਸਰੀਰ ਦੀ ਅਰੋਗਤਾ, ਉਮਰ ਦਾ ਵਧਣਾ ਆਦਿ। ਪਰ ਸਰੀਰ ਦੀ ਅਰੋਗਤਾ, ਚਾਹੀਦਾ ਹੈ ਕਿ ਕਾਰਨ ਬਣੇ ਪਰਮ ਪਦ ਦੀ ਪ੍ਰਾਪਤੀ ਦੇ ਸਾਧਨਾਂ ਦਾ ਤੇ ਜੇ ਇਧਰ ਨਾਂ ਲਗੇ ਤਾਂ ਫਲ ਸਾਰਾ ਸਰੀਰਕ ਲਾਹਾ ਹੈ, ਪਰ ਜੇ ਇਹ ਲਗ ਪਵੇ ਰਿੱਧੀ ਸਿੱਧੀਆਂ ਵਲ ਤਾਂ ਫਲ ਹੈ ਮਾਯਕ ਪ੍ਰਾਪਤੀ। ਸੋ ਦੂਹਾਂ ਤਰ੍ਹਾਂ ਮਾਯਾ ਵਲ ਹੀ ਲਗੀ ਨਾ ਬ੍ਰਿਤੀ। ਜਗਤ ਨੂੰ ਤਮਾਸ਼ੇ ਦਿਖਾਉਣ ਯਾ ਮੁਰਾਦਾਂ ਪੂਰੀਆਂ ਕਰਨ ਦੀਆਂ ਖੇਡਾਂ ਵਿਚ ਰਹਿ ਜਾਂਦਾ ਹੈ ਸਾਧਕ। ਇਸ ਕਰਕੇ ਜਿਨ੍ਹਾਂ ਨੂੰ ਜਗਤ ਜਾਲ ਤੋਂ ਕਲਜਾਨ ਦੀ ਲੋੜ ਹੈ ਉਨ੍ਹਾਂ ਲਈ ਗੁਰ ਨਾਨਕ ਨੇ ਸੁਖੈਨ ਮਾਰਗ ਰਚਿਆ ਹੈ। ਵਾਹਿਗੁਰੂ ਅਕਾਲ ਪੁਰਖ ਤੇ ਭਰੋਸਾ, ਉਸ ਦਾ ਜਸ, ਕੀਰਤਨ, ਗੁਣਾਨੁਵਾਦ, ਮਨ ਨੂੰ ਉਸਦੀ ਯਾਦ ਵਿਚ ਰਖਣਾ, ਹਜ਼ੂਰੀ ਵਿਚ ਰਹਿਣਾ, ਉਸਦੇ ਨਾਮ ਸਿਮਰਣ ਦਵਾਰਾ। ਐਉਂ ਜੀਵ ਦਾ ਆਤਮਾ ਪਰਮ ਆਤਮਾ ਦੇ ਨੇੜੇ ਤੋਂ ਨੇੜੇ ਹੁੰਦਾ ਜਾਂਦਾ ਹੈ, ਅੰਤ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਹੈ ਜੋਗ, ਜੋਗ ਨਾਮ ਹੈ ਜੁੜਨ ਦਾ। ਜੁੜੀਦਾ ਹੈ ਕਿਸੇ ਨਾਲ। ਸੋ ਏਥੇ ਜੁੜੀਦਾ ਹੈ ਵਾਹਿਗੁਰੂ ਨਾਲ। ਹਾਂ ਜੋੜੀਦਾ ਹੈ ਆਪਣੇ ਆਤਮਾਂ ਨੂੰ ਪਰਮ ਆਤਮਾਂ ਨਾਲ। ਜੇ ਇਹ ਜੁੜਨਾ ਪ੍ਰਾਪਤ ਨਾ ਕੀਤਾ ਤਾਂ ਜੋਗ ਕਿਸ ਨਾਲ ਕੀਤਾ। ਹਾਂ ਸਾਧੂ ਜੀ! ਕਿਸ ਨਾਲ ਜੁੜਿਆ? ਆਪਣੇ ਵੱਡਪੁਣੇ ਦੀ ਹਉਮੈਂ ਨਾਲ? ਜਿਨ੍ਹਾਂ ਨੂੰ ਤਮਾਸ਼ੇ ਦਿਖਾਏ ਉਨ੍ਹਾਂ ਦੀ ਮਹਿਮਾ ਨਾਲ? ਮਨ ਰਿਹਾ ਮਨੋਂ ਮਾਯਾ ਮੰਡਲ ਵਿਚ। ਜੁੜਿਆ ਜੁ ਮਾਇਕ ਪਦਾਰਥਾਂ, ਮਾਯਕ ਸ਼ਕਤੀਆਂ ਤੇ ਮਾਯਕ ਵਜਕਤੀਆਂ ਨਾਲ।ਪ੍ਰਾਣਾਯਾਮ ਕਰਨ ਨਾਲ, ਜੇ ਦਰੁਸਤੀ ਨਾਲ ਟੁਰੇ ਤਾਂ, ਮਨ ਦੀ ਚੰਚਲਤਾ ਕੁਛ ਘਟਦੀ ਹੈ, ਉਸਦਾ ਲਾਹਾ ਲਓ, ਮਨ ਨਾਲ ਮਾਲਕ ਨੂੰ ਮਿਲੋ। ਐਉਂ ਕਿ ਹੁਣ ਵਾਹਿਗੁਰੂ ਨੂੰ ਆਪਣਾ ਪ੍ਰੀਤਮ ਸਮਝਕੇ ਉਸ ਦੇ

ਪਜਾਰ ਉਮਾਹ ਵਿਚ ਆ ਜਾਓ, ਉਸਦੀ ਯਾਦ ਵਿਚ ਜੀ ਉਠੋ। ਏਥੇ ਆਕੇ ਅਵਸਥਾ ਛਾਉਂਦੀ ਹੈ ਨਾਮੀ ਵਿਚ ਗੁੰਮ ਹੋਣ ਦੀ।

*ਇਮ ਕਹਿ ਕ੍ਰਿਪਾ ਦ੍ਰਿਸਟਿ ਪ੍ਰਭੁ ਹੇਰੀ।*
*ਰਿਦੈ ਪ੍ਰਕਾਸ਼ ਪਇਓ ਤਿਸ ਬੇਰੀ॥* (ਸੂ:ਪ੍ਰ:)

ਜਦ ਉਥਾਨ ਹੋਇਆ ਤਾਂ ਮਹਾਂਰਾਜ ਬੋਲੇ: ਜੋਗੀ ਜੀਓ! ਇਹ ਸਹਜ ਯੋਗ ਹੈ। ਵਾਹਿਗੁਰੂ ਜੀ ਨਾਲ ਨਾਮ ਦਵਾਰਾ ਪ੍ਰੇਮ ਭਾਵਨਾਂ ਨਾਲ ਜੁੜਨਾ। ਹੁਣ ਜਦ ਸਰੀਰ ਦੀ ਕ੍ਰਿਯਾ ਕਰੋਗੇ ਕਿ ਸੰਸਾਰ ਦੇ ਕੰਮ ਕਰੋਗੇ ਤਾਂ ਲੀਨਤਾ ਵਾਲੀ ਅਵਸਥਾ ਬਦਲਦੀ ਹੈ, ਕ੍ਰਿਯਾਮਾਨ ਜੁ ਹੋ ਗਿਆ ਸਰੀਰ ਤੇ ਮਨ। ਹੁਣ ਅਸਾਂ ਨੇ ਵੀਚਾਰ ਕਰਨੀ ਹੈ ਕਿ ਅਸੀਂ ਜਿਸ ਨਾਲ ਜੁੜੇ ਹਾਂ ਉਸ ਤੋਂ ਦੂਰ ਨਹੀਂ ਹੋਣਾ। ਇਸ ਲਈ ਅੰਤਰ ਆਤਮੇ ਉਸ ਨੂੰ ਸਿਮਰਣ ਵਿਚ ਰਖਣਾ ਹੈ। ਸਿਮਰਣ ਨਾਲ ਅਸੀਂ ਆਪਣੇ ਨਾਮੀ ਦੇ ਨੇੜੇ ਤੋਂ ਨੇੜੇ ਰਹਿੰਦੇ ਹਾਂ। ਚਿੱਤ ਬ੍ਰਿਤੀ ਇਕ ਸਦੈਵੀ ਜੋੜ ਕਿ ਜੋਗ ਵਿਚ ਰਹਿੰਦੀ ਹੈ। ਇਹ ਜੋਗ ਸਰਬ ਕਾਲਿਕ ਹੋ ਜਾਂਦਾ ਹੈ। ਜਦ ਮਿਹਰ ਹੋਈ ਤਾਂ ਸਿਮਰਣ ਵਾਲਾ ਆਪਣੇ ਸਿਮਰਤੱਬਜ* ਵਿਚ ਲੀਨ ਹੋ ਗਿਆ। ਜਦ ਅਭਜਾਸੀ ਪੁਰਖ ਜਗਤ ਬਿਵਹਾਰ ਵਿਚ ਹੈ ਤਾਂ ਸੁਰਤ ਸਿਮਰਨ ਵਿਚ ਲਗੀ ਰਹਿੰਦੀ ਹੈ, ਜੋ ਕੁਛ ਸਮੇਂ ਬਾਦ ਸਹਿਜ ਸੁਭਾਵ ਲਗੀ ਰਹਿੰਦੀ ਹੈ ਨਿਰਯਤਨ। ਜਿਵੇਂ ਤਾਰੂ ਮੁਰਦਾ ਤਾਰੀ ਵਿਚ ਨਿਰਯਤਨ ਤਰਦਾ ਹੈ ਸਹਜ ਸੁਭਾਵ। ਇਸ ਸਹਜ ਮੇਲ ਜਾਰੀ ਰਹਿਣ ਕਰਕੇ ਕਿਸੇ ਵੇਲੇ ਪ੍ਰੀਤਮ ਪਰਮੇਸ਼ਰ ਦੇ ਨਾਲੋਂ ਅੰਦਰਲੀ ਡੋਰੀ ਟੁੱਟਦੀ ਨਹੀਂ। ਇਹ ਹੈ ਸੁਖੈਨ ਤੋਂ ਸੁਖੈਨ ਕਲਯੁਗ ਲਈ ਕਲਜਾਨ ਦਾ ਮਾਰਗ। ਇਸ ਦੀ ਪ੍ਰਾਪਤੀ ਦੇ ਹੋ ਗਿਆਂ ਫਿਰ ਜਨਮ ਮਰਨਾ ਨਹੀਂ। ਚੋਲੇ (ਸਰੀਰ) ਦੀ ਲੋੜ ਹੀ ਉਠ ਜਾਂਦੀ ਹੈ।

---

* ਸਮਰਤਬਜ=ਸਿਮਰਨੇ ਯੋਗ। ਭਾਵ ਜਿਸ ਦਾ ਸਿਮਰਨ ਕਰ ਰਿਹਾ ਸੀ। (ਸੰਸ: ਸਮਰੁਤਵਜ=ਸਿਮਰਨੇ ਯੋਗ)।

ਇਹ ਸੁਣ ਕੇ ਯੋਗੀ ਨੇ ਚਰਨ ਕਮਲਾਂ ਤੇ ਸਿਰ ਧਰ ਦਿੱਤਾ। ਝਰਨ ਝਰਨ ਹੋਈ ਸਾਰੇ ਸਰੀਰ ਵਿਚ। ਓਹੋ ਆਤਮਾ ਦੀ ਪਰਮਾਤਮਾ ਵਿਚ ਲੀਨਤਾ ਵਾਲੀ ਉਨਮਨੀ, ਬਾਣੀ ਤੋਂ ਪਰੇ ਦੀ ਅਵਸਥਾ, ਛਾ ਗਈ ਜੋ ਦੁਰਲੱਭ ਹੈ। ਜੋਗੀ ਨੇ ਸਮਝ ਹੀ ਨਹੀਂ ਲਿਆ, ਪਾ ਲਿਆ ਪ੍ਰੀਤਮ।

## ੬.

**ਜੋਗੀ** ਅਗਲੇ ਦਿਨ ਫੇਰ ਆਯਾ ਤੇ ਬੜੇ ਸਤਿਕਾਰ ਨਾਲ ਪੁੱਛਣ ਲਗਾ:- ਦੀਨਾਨਾਥ ਜੀ! ਆਪ ਤਾਂ ਸਦਾ ਮੁਕਤ ਹੋ, ਕਰਮ ਜਾਲ ਆਪ ਨੂੰ ਨਹੀਂ ਪਕੜਦਾ, ਪਰ ਇਹ ਆਪਦੇ ਸਿੱਖ ਤੇ ਜੰਗਾਂ ਜੁੱਧਾਂ ਵਿਚ ਪੈਕੇ ਰਜੋ ਤਮੋ ਗੁਣੀ ਹੋਕੇ ਕਟਾ ਵੱਢ ਕਰਨੇਗ, ਕਲਜਾਨ ਮਾਰਗ ਤੋਂ ਤਾਂ, ਆਪ ਦੇ ਹੋਕੇ ਬੀ, ਏਹ ਦੂਰ ਜਾ ਪੈਣਗੇ? ਪੈਣਗੇ ਨਹੀਂ ਪਰ ਮੈਨੂੰ ਸੰਸਾ ਫੁਰਦਾ ਹੈ ਕਿ ਪੈਣਗੇ। ਇਹ ਮੇਰਾ ਸੰਸਾ ਆਪ ਨਵਿਰਤ ਕਰ ਦਿਓ।

ਗੁਰੂ ਜੀ- ਸਾਧ ਰਾਮ! ਅਸਾਂ ਇਨ੍ਹਾਂ ਨੂੰ ਗੁੰਝਲਦਾਰ ਤੇ ਬਰੀਕ ਦਾਰਸ਼ਨਿਕ ਮੁਸ਼ਕਲਾਂ ਵਿਚ ਨਹੀਂ ਪਾਇਆ। ਗੁਰੂ ਨਾਨਕ ਦਾ ਮਾਰਗ ਸੁਖੈਨ ਤੇ ਸੁਭਾਵ ਦੇ ਨੇੜੇ ਤੇੜੇ ਰਹਿਕੇ ਤਾਰਨਹਾਰ ਹੈ। ਸੁਭਾਵਕ ਤੇ ਸੁਖੈਨ ਹੋਣ ਕਰਕੇ ਇਸ ਦਾ ਨਾਮ 'ਸਹਜ ਯੋਗ' ਹੈ। ਇਸ ਦੇ ਅੰਗ ਇਹ ਹਨ:-

੧. ਇਕ ਵਾਹਿਗੁਰੂ ਅਕਾਲਪੁਰਖ, ਪਾਰਬ੍ਰਹਮ ਪਰਮੇਸ਼ੁਰ ਹੈ, ਜੋ ਕਰਤਾ ਪੁਰਖ ਹੈ, ਨਿਰਵੈਰ ਹੈ, ਨਿਰਭਉ ਹੈ, ਪ੍ਰੇਮ ਤੇ ਆਨੰਦ ਉਸਦਾ ਸੁਤੇ ਸਰੂਪ ਹੈ। ਉਸ ਪਰ ਦ੍ਰਿੜ੍ਹ ਵਿਸ਼ਵਾਸ, ਇਹ ਪਹਿਲਾ ਅੰਗ ਹੈ।

੨. ਉਸ ਪਰਮੇਸ਼ੁਰ ਨੂੰ ਆਪਣੇ ਪਿਤਾ ਜੀ ਸਮਝਕੇ ਪਜਾਰ ਕਰਨਾ ਹੈ। ਪਜਾਰ ਦੇ ਭਾਵ ਪੈਦਾ ਕਰਨੇ ਲਈ ਉਸਦਾ ਜਸ, ਗੁਣਾਨੁਵਾਦ ਤੇ ਕੀਰਤਨ ਕਰਨਾ ਤੇ ਸੁਣਨਾ ਹੈ ਤੇ ਇਸ ਕਾਰਜ ਲਈ ਗੁਰੂ ਕੀ ਬਾਣੀ ਸੌਖੀ ਤੇ ਸਹਜ ਬੋਲੀ ਵਿਚ ਰਚਕੇ ਇਨ੍ਹਾਂ ਸਿੱਖਾਂ ਵਿਚ ਸਥਾਪਨ ਕਰ ਦਿੱਤੀ ਗਈ ਹੈ। ਇਸ ਦਾ ਪਾਠ, ਕੀਰਤਨ, ਵੀਚਾਰ ਆਦਿ ਸਿਖਾਂ ਵਿਚ ਪ੍ਰਵਿਰਤ ਹਨ। ਤੁਸਾਂ ਹੁਣ ਰਹਿਰਾਸ ਦੀ ਬਾਣੀ ਸੁਣਕੇ ਸੁਖ ਪਾਇਆ ਹੈ। ਸੁਣਨ ਵਾਲੇ

ਕਿਵੇਂ ਵਾਹਿਗੁਰੂ ਦੀ ਹਜ਼ੂਰੀ ਵਿਚ ਸਨ, ਕਦੇ ਅਰਦਾਸ ਬੇਨਤੀ ਪ੍ਰਾਰਥਨਾ ਦੇ ਭਾਵ ਵਿਚ, ਕਦੇ ਸ਼ੁਕਰ ਦੇ ਭਾਵ ਵਿਚ, ਕਦੇ ਗੁਣਾਨੁਵਾਦ ਦੇ ਭਾਵ ਵਿਚ। ਉਹ ਵਜਾਪਕ ਸਾਰੇ ਮੌਜੂਦ ਹੈ, ਸਾਡੀ ਸੁਣਦਾ ਹੈ, ਸੋ ਬਾਣੀ ਦਾ ਪਾਠ, ਵੀਚਾਰ, ਕਥਾ ਤੇ ਕੀਰਤਨ ਇਸ ਸਹਜ ਯੋਗ ਦਾ ਦੂਸਰਾ ਅੰਗ ਹੈ।

੩. ਪਰ ਬਾਣੀ ਦਾ ਪਾਠ ਵੀਚਾਰ ਕੀਰਤਨ ਤਾਂ ਦਿਨ ਰਾਤ ਦੇ ਕਿਸੇ ਕਿਸੇ ਵੇਲੇ ਹੈ, ਹਰ ਵੇਲੇ ਨਹੀਂ ਹੋ ਸਕਦਾ। ਸੋ ਹਰ ਵੇਲੇ ਲਈ ਹੋਰ ਸਾਧਨ ਹੈ, ਉਸੇ ਰੱਬ ਜੀ ਤੋਂ ਉਹਲੇ ਨਾਂ ਹੋਣ ਦਾ, ਯਾ ਕਹੋ ਕਿ ਉਸ ਦੇ ਨੇੜੇ ਨੇੜੇ ਰਹਿਣ ਦਾ। ਉਹ ਸਾਧਨ ਨਾਮ ਹੈ। ਜਿਸਦਾ ਪ੍ਰਕਾਰ ਇਹ ਹੈ:- ਉਸ ਸਦਾ ਪ੍ਰੇਮ ਤੇ ਅਸਚਰਜ ਰੂਪ ਨੂੰ ਸਿੱਖ ਤੁਰਦੇ ਫਿਰਦੇ ਯਾਦ ਰੱਖਦੇ ਹਨ ਸਹਜ ਭਾਵਨਾਂ ਵਿਚ, ਜੇ ਯਾਦ ਨਾਂ ਟਿਕੇ ਤਾਂ ਉਸ ਦਾ ਨਾਮ ਸਿਮਰਦੇ ਹਨ। ਜੇ ਨਾਮ ਸਿਮਰਨ ਵਿਚ ਨਾਂ ਮਨ ਲੱਗੇ ਤਾਂ ਨਾਮ ਰਸਨਾਂ ਤੇ ਬਿਠਾ ਲਈਦਾ ਹੈ ਤੇ ਉਸ ਨਾਲ ਨਾਮ ਜਪੀਦਾ ਹੈ। ਰਸਨਾਂ ਨਾਲ ਜਪਦਿਆਂ ਜਪਦਿਆਂ ਨਾਮ ਰਸਨਾਂ ਤੋਂ ਮਨ ਵਿਚ, ਅਰਥਾਤ ਸਿਮ੍ਰਤੀ ਵਿਚ ਚਲਾ ਜਾਂਦਾ ਹੈ, ਜਾਂ ਇਉਂ ਸਮਝੋ ਕਿ ਪਹਿਲਾਂ ਰਸਨਾਂ ਨਾਲ ਨਾਮ ਜਪੀਦਾ ਹੈ, ਉਹ ਸਿਮਰਨ ਹੋਕੇ ਮਨ ਵਿਚ ਟਿਕਦਾ ਹੈ। ਮਨ ਵਿਚ ਸਿਮਰੀਂਦਾ ਉਹ ਸੂਖਮ ਹੋਕੇ ਤੁਰੀਆ ਵਿਚ ਲੈ ਜਾਂਦਾ ਹੈ। ਨਾਮ ਨਾਮੀ ਦੀ ਏਕਤਾ ਹੋ ਜਾਂਦੀ ਹੈ। ਇਉਂ ਸਿਖ ਬਿਨਾਂ ਹਠ ਜੋਗ ਦੇ, ਬਿਨਾਂ ਰਾਜ ਜੋਗ ਦੇ, ਬਿਨਾਂ ਕਿਸੇ ਹੋਰ ਕਰੜੇ ਸਾਧਨ ਦੇ ਸਹਿਜ ਸੁਭਾਵ ਹੀ ਵਾਹਿਗੁਰੂ ਜੀ ਨਾਲ ਯਾ ਉਨ੍ਹਾਂ ਦੀ ਯਾਦ ਨਾਲ ਜੁੜੇ ਉਸਦੀ ਹਜ਼ੂਰੀ ਵਿਚ ਵੱਸਦੇ ਯੋਗੀ ਹਨ। ਨਾਮ ਜਪਦਿਆਂ ਉਹਨਾਂ ਦਾ ਨਿਸ਼ਾਨਾ ਨਾਮੀ ਹੁੰਦਾ ਹੈ। ਨਾਮ ਦਾ ਅਰਥ ਭਾਵ 'ਪਰਮੇਸ਼ਰ ਹੈ' ਇਹ ਧ੍ਰੁਵਾ ਬੰਨ੍ਹਕੇ ਨਾਮ ਜਪਦੇ ਹਨ। ਇਸ ਤਰ੍ਹਾਂ ਦਾ ਸਾਧਨ ਕਰਨ ਵਾਲਾ ਆਪਨੂੰ ਮਾਲਕ ਦੀ ਹਜ਼ੂਰੀ ਵਿਚ ਪ੍ਰਤੀਤ ਕਰਦਾ ਰਹਿੰਦਾ ਹੈ।

੪. ਇਉਂ ਹਜ਼ੂਰੀ ਵਿਚ ਵਸਦਿਆਂ ਪਾਪ ਕਰਮ ਨਹੀਂ ਹੋ ਸਕਦੇ, ਜਿਵੇਂ ਮੇਰੀ ਹਜ਼ੂਰੀ ਵਿਚ ਕੋਈ ਬੰਦਾ ਮਾੜਾ ਕਰਮ ਕਰਨੋਂ ਜਚੇਗਾ, ਤਿਵੇਂ ਵਾਹਿਗੁਰੂ ਦੀ ਹਜ਼ੂਰੀ ਵਾਸ ਵਾਲੇ, ਰੱਬ ਪਿਤਾ ਦੇ ਭੈ ਵਿਚ ਹੁੰਦੇ ਹਨ ਕਿ ਉਹ ਦੇਖਦਾ ਹੈ, ਹਰ ਥਾਵੇਂ ਜੁ ਹਰ ਵੇਲੇ ਹੋਇਆ। ਐਉਂ ਉਨ੍ਹਾਂ ਦਾ ਆਚਰਨ ਸਾਈਂ ਦੇ ਭੈ ਵਿਚ ਰਹਿਣ ਕਰਕੇ ਸ਼ੁੱਧ ਰਹਿੰਦਾ ਹੈ।

ਪਹਿਲੋਂ ਸਿਖਾਂ ਨੂੰ ਸਿਖਾਯਾ ਜਾਂਦਾ ਹੈ ਕਿ ਆਚਰਨ ਯਤਨ ਨਾਲ ਸ਼ੁੱਧ ਰਖੋ। ਸੇਵਾ ਕਰੋ ਇਸ ਨਾਲ ਮਾਨ ਹਿਰਦਾ ਹੈ, ਹਉਂ ਘਟਦੀ ਹੈ। ਫੇਰ ਬਾਣੀ ਨਾਲ ਮੈਲ ਟੁਟਦੀ ਹੈ, ਫਿਰ ਨਾਮ ਨਾਲ ਮਨ ਮੂਲੋਂ ਨਿਰਮਲ ਹੋ ਜਾਂਦਾ ਤੇ ਹਜੂਰੀ ਵਾਸ ਹੋ ਜਾਂਦਾ ਹੈ। ਤਦ ਕਰਮ ਆਪੇ ਹੀ ਨਿਰਮਲ ਰਹਿੰਦੇ ਹਨ*।

ਜੋਗੀ- ਸੱਤ ਹੈ, ਬਹੁਤ ਸੁਖੈਨ ਹੈ, ਮਨ ਨੂੰ ਲਗਨ ਚਾਹੀਏ, ਪਰ ਮੈਂ ਇਕ ਹੋਰ ਸ਼ੰਕਾ ਨਵਿਰਤ ਕਰਨੀ ਹੈ। ਏਹ ਜੋ ਲੜਨ ਮਰਨ ਮਾਰਨਗੇ ਏਹ ਰਜੋ ਤਮੋਂ ਗੁਣਾਂ ਵਿਚ ਵਾਪਰਨਗੇ। ਜੋਸ਼ ਵੇਲੇ ਰਜੋ ਤੇ ਕ੍ਰੋਧ ਵੇਲੇ ਤਮੋ। ਇਸ ਤੋਂ ਕਿਵੇਂ ਛੁੱਟਣਗੇ?

੫. ਗੁਰੂ ਜੀ- ਇਨ੍ਹਾਂ ਨੂੰ ਪੰਜਵੀਂ ਸੰਥਾ ਇਹ ਦਿਤੀ ਗਈ ਹੈ ਕਿ ਵਾਹਿਗੁਰੂ ਪਿਤਾ ਹੈ ਤੇ ਸਾਰੇ ਬੰਦੇ ਉਸ ਦੇ ਬੱਚੇ ਹਨ, ਤਾਂ ਤੇ ਸਾਰੇ ਸਾਡੇ ਵੀਰ ਹਨ। ਕਿਸੇ ਨਾਲ ਵੈਰ ਭਾਵ ਨਹੀਂ ਰਖਣਾ। ਦੇਸ਼, ਜਾਤ, ਧਰਮ ਕਿਸੇ ਵਖੇਵੇਂ ਕਰਕੇ ਸੂਗ ਨਹੀਂ ਕਰਨੀ ਕਿਸੇ ਨਾਲ।

ਜੇ ਕੋਈ ਦੁਖੀ ਹੈ ਤਾਂ ਉਸ ਦੀ ਸਹਾਯਤਾ ਕਰਨੀ ਹੈ। ਸਿਖ ਨੇ ਦਿਲ ਦਯਾ ਵਾਲਾ ਤੇ ਦਾਨਾ ਰਖਣਾ ਹੈ, ਸਭ ਨਾਲ ਸ਼ੁਭ ਵਰਤਣਾ ਹੈ। ਇਸਨੂੰ ਅਸੀਂ 'ਸਰਬੱਤ ਦਾ ਭਲਾ' 'ਚਿਤਵਨਾ' ਤੇ 'ਕਰਨਾ' ਆਖਦੇ ਹਾਂ। ਤੁਸੀਂ ਸਮਝ ਲਓ ਕਿ ਸਿੱਖ 'ਦ੍ਵੈਖ' ਵਿਚ ਨਹੀਂ ਵਸਦਾ। ਦੁਖੀਏ ਦਾ ਦੁਖ ਦੂਰ ਕਰਨਾ ਸਿਖ ਆਪਣਾ ਧਰਮ ਸਮਝਦਾ ਹੈ। ਅੰਦਰ ਜਦ ਨਾਮ ਹੈ ਤਾਂ ਕਰਮ

---

* ਬ੍ਰਹਮ ਗਿਆਨੀ ਤੇ ਹੋਇ ਸੁ ਭਲਾ॥-ਸੁਖਮਨੀ

 www.sikhbookclub.com

ਪਜਾਰ, ਦਇਆ, ਮੈਤ੍ਰੀ ਉਪਕਾਰ ਦੇ ਹੋਣਗੇ, ਐਉਂ ਪਰਮੇਸੁਰ ਉਸ ਸਿਖ ਵਿਚ ਚਮਕਦਾ ਦਿੱਸੇਗਾ।

ਹੁਣ ਰਿਹਾ ਜੰਗ। ਸਿਖ ਲੋਭ ਲਾਲਚ ਲਈ ਜੰਗ ਨਹੀਂ ਕਰ ਰਹੇ। ਦੇਸ ਦੁਖੀ ਹੈ, ਪਰਜਾ ਪੀੜਤ ਹੈ, ਅਪਣੇ ਮੁਲਕ ਵਿਚ, ਆਪਣੇ ਘਰਾਂ ਵਿਚ ਅਸੀਂ ਦਾਸ ਬਣਾਏ ਤੇ ਸਲੂਕੇ ਜਾਂਦੇ ਹਾਂ, ਸਾਡੇ ਕਰਮ ਧਰਮ ਵਿਚ ਜੁਲਮ ਕੀਤੇ ਜਾਂਦੇ ਹਨ। ਧਰਮ ਸਭ ਦਾ ਆਪਣਾ ਹੈ। ਰਾਜਾ ਕਿਉਂ ਦਖਲ ਦੇਵੇ ਸਾਡੇ ਧਰਮ ਵਿਚ? ਇਹ ਕਸ਼ਟ ਹੈ ਸਾਰੀ ਪਰਜਾ ਨੂੰ।

ਜੋਗੀ (ਠੰਢਾ ਸਾਹ ਲੈਕੇ)- ਦਾਤਾ! ਸੱਚ ਕਿਹਾ ਨੇ, ਸਦੀਆਂ ਤੋਂ ਪਰਜਾ ਦੁਖੀ ਹੈ ਤੇ ਪਰਵੱਸ ਪਈ ਹੋਈ ਹੈ। ਧਰਮ ਕਰਮ ਦੀ ਖੁੱਲ੍ਹ ਖੱਸ ਚੁਕੀ ਹੈ। ਨੀਵੇਂ ਸਮਝੇ ਤੇ ਧ੍ਰਿਕਾਰੇ ਜਾਂਦੇ ਹਾਂ। (ਠੰਢਾ ਸਾਹ ਲੈਕੇ) ਅਹੋ ਕਾਲ ਗਤੀ!

ਗੁਰੂ ਜੀ- ਸਾਧੂ ਜੀ! ਸ਼ਾਸਤ੍ਰਾਂ ਦਾ ਦੱਸਿਆ ਸਾਧਨ ਵੈਰਾਗ ਹੈ। ਵੈਰਾਗ ਧਾਰ ਕੇ ਹਿਮਾਂਚਲ ਵਿਚ ਜਾ ਕੇ ਸਰੀਰ ਗਾਲਣ ਦੀ ਥਾਂ ਅਸਾਂ ਸਿਖਾਇਆ ਹੈ ਕਿ ਦੇਹੀ ਨਾਲ ਵੈਰਾਗ ਬੇਸ਼ਕ ਕਰੋ, ਪਰ ਸਫਲ ਵੈਰਾਗ ਕਰੋ।

ਜੋਗੀ (ਕਾਹਲਾ ਹੋਕੇ)- ਸਫਲ ਵੈਰਾਗ ਕੀਹ ਹੁੰਦਾ ਹੈ? ਭਗਵਨ!

ਗੁਰੂ ਜੀ- ਸਰੀਰ ਦੀਆਂ ਵਿਹਤ ਲੋੜਾਂ ਪੂਰੀਆਂ ਕਰਕੇ ਮੰਦ ਕਰਮਾਂ ਤੋਂ ਬਚਣਾ ਤੇ ਮਨ ਵਿਚ ਸਰਬਤ ਦਾ ਭਲਾ ਚਿਤਵਨਾ। ਲੋੜ ਪਏ ਤਾਂ ਸਰੀਰ ਦੂਸਰਿਆਂ ਦੀ ਸੇਵਾ ਵਿਚ, ਦੂਏ ਦੇ ਦੁਖ ਹਰਨ ਵਿਚ ਖਰਚ ਕਰਨਾ। ਤੁਸੀਂ ਦੇਖੋ ਕਿ ਹੁਣ ਦੁਖ ਸਾਰੀ ਪਰਜਾ ਵਿਚ ਝਰਨਾਟਾਂ ਛੇੜ ਰਿਹਾ ਹੈ ਤੇ ਚੀਸਾਂ ਕਢਵਾ ਰਿਹਾ ਹੈ, ਸੋ ਅਸਾਂ ਸਿੱਖਾਂ ਨੂੰ ਜਥੇਬੰਦ ਕਰਕੇ ਇਸ ਪੀੜਾ ਹਰਨ ਤੇ ਲਾ ਦਿਤਾ ਹੈ। ਏਹ ਸਿਖ ਵੈਰ ਵਿਰੋਧ ਵਿਚ ਆਕੇ ਯਾ ਲੋਭ ਲਾਲਚ ਵਿਚ ਫਸਕੇ ਜੰਗ ਨਹੀਂ ਕਰਦੇ, ਇਹ ਦੀਨ ਰੱਖਿਆ ਲਈ ਜੰਗ ਕਰਦੇ ਹਨ। ਜੰਗ ਨਹੀਂ ਕਰਦੇ ਆਪਣਾ ਸਰੀਰ ਛਿਨ ਭੰਗਰ ਜਾਣ ਕੇ ਵੀਰਾਂ ਦੀ ਰਖਯਾ ਵਿਚ ਵੈਰੀ ਦੀ ਤਲਵਾਰ ਅਗੇ ਅਰਪਨ ਕਰਦੇ ਹਨ। ਆਖਦੇ ਹਨ: ਚਾਹੇ ਸਰੀਰ ਜਾਏ, ਵੀਰਾਂ ਭਰਾਵਾਂ ਦੇ ਦੁਖ ਹਰਨੇ ਹਨ, ਸੋ ਹਿਮਾਂਚਲ ਵਿਚ ਸਰੀਰ ਬਰਫ਼

ਨੂੰ ਅਰਪਣ ਨਾਲ ਸਰੀਰ ਨਾਲ ਮੋਹ ਤਾਂ ਤੁੱਟਾ, ਪਰ ਸਰੀਰ, ਇੰਨਾਂ ਸੁਹਣਾ ਸਰੀਰ, ਮਨੁਖਾ ਦੇਹੀ ਜੋ, ਕਠਨਤਾ ਨਾਲ ਮਿਲਦੀ ਲਿਖੀ ਹੈ, ਐਵੇਂ ਗਈ। ਮਾਨੋਂ ਇਹ ਬੋਝਾ ਸਮਝਕੇ ਵਗਾਹ ਮਾਰੀ। ਇਨ੍ਹਾਂ ਸਿਖਾਂ ਦੀ ਕਰਣੀ ਇਹ ਹੈ ਕਿ ਉਹ ਕੀਮਤੀ ਦੇਹੀ ਵੀਰਾਂ ਦੀ ਰਖਜਾ ਵਾਸਤੇ, ਪ੍ਰਭੂ ਦੇ ਰਚੇ ਮਾਨੁਖਾਂ ਦੀ ਪੀੜਾ ਦੂਰ ਕਰਨ ਲਈ ਅਰਪ ਦਿਤੀ ਜਾਵੇ। ਦੇਹ ਨਾਲ ਮੋਹ ਤਾਂ ਦੋਹਾਂ ਦਾ ਛੁੱਟਾ, ਪਰ ਹਿਮਾਲੇ ਵਿਚ ਦੇਹ ਬਿਰਥਾ ਗਈ ਏਥੇ ਕੰਮ ਆਈ, ਜ਼ਾਲਮ ਦੀ ਤਲਵਾਰ ਖੁੰਢੀ ਕਰ ਗਈ, ਉਸ ਦਾ ਬਲ ਖੀਣ ਕਰ ਗਈ, ਦੁਖੀ ਤੇ ਮਜ਼ਲੂਮ ਸ੍ਰਿਸ਼ਟੀ ਨੂੰ ਸੁਖੀ ਤੇ ਸੁਤੰਤ੍ਰ ਕਰ ਗਈ। ਦੇਸ਼ ਦੇ ਧਰਮੀਆਂ, ਭਗਤੀ ਵਾਲਿਆਂ, ਗਜਾਨ ਵਾਲਿਆਂ, ਸਾਰੇ ਸਾਧੂਆਂ ਨੂੰ ਅਪਣੇ ਧਰਮ ਕਰਮ ਦੀ ਖੁਲ੍ਹ ਹੋ ਗਈ। ਨਹੀਂ ਤਾਂ ਤਲਵਾਰ ਦੇ ਧੱਕੇ ਨਾਲ ਇਕ ਦਿਨ ਸਭ ਕੁਛ ਸਮਾਪਤ ਹੋ ਜਾਏਗਾ। ਦੇਹੀ ਨਾਲ ਮੋਹ ਤੋੜਨਾ, ਦੇਹੀ ਦਾ ਦੇ ਦੇਣਾ, ਸਫਲਾ ਹੋ ਗਿਆ।

ਜੋਗੀ (ਲੰਮਾ ਸਾਹ ਲੈਕੇ ਤੇ ਵਾਰ ਵਾਰ ਬੰਦਨਾ ਕਰਕੇ)- ਸੱਚ ਕਿਹਾ ਨੇ ਸੱਚ! ਪਰ ਇਨ੍ਹਾਂ ਨੂੰ ਅਗੋਂ ਤਲਵਾਰ ਮਾਰਨੀ ਪੈਂਦੀ ਹੈ ਵੈਰੀ ਉਤੇ, ਉਹ ਰੱਬ ਦੇ ਬੰਦਿਆਂ ਦੀ ਹਿੰਸਾ ਨਹੀਂ?

ਗੁਰੂ ਜੀ- ਜਦ ਕੋਈ ਬੰਦਾ ਦੂਜਿਆਂ ਨੂੰ ਵੀਰ ਨਹੀਂ ਸਮਝਦਾ ਉਨ੍ਹਾਂ ਨੂੰ ਗੁਲਾਮ ਬਨਾਉਂਦਾ, ਧਰਮ ਕਰਮ ਤੋਂ ਹੋੜਦਾ ਤੇ ਦੁਖ ਦੇਂਦਾ ਹੈ, ਸਮਝਾਇਆਂ ਪਜਾਰ ਨਾਲ ਸਮਝਦਾ ਨਹੀਂ, ਫਿਰ ਉਸ ਦੀ ਰੋਕ ਉਸਦੇ ਤ੍ਰੀਕੇ ਨਾਲ ਹੀ ਕਰਨੀ ਪਊ, ਨਹੀਂ ਤਾਂ ਉਸਦਾ ਜ਼ੁਲਮ ਸਦਾ ਤੁਰਿਆ ਰਹੂ ਤੇ ਸ੍ਰਿਸ਼ਟੀ ਪੀੜਤ ਗੁਲਾਮ ਤੇ ਦੁਖੀ ਰਹੂ। ਜੇ ਇਹ ਦੁਖ ਹਰਨਾ ਹੈ ਤਾਂ ਤਲਵਾਰ ਫੜਨੀ ਪਊ। ਨਿਸ਼ਕਾਮ ਹੋਕੇ, ਵੈਰ ਵਿਰੋਧ ਲੋਭ ਲਾਲਚ ਤੋਂ ਖਾਲੀ ਰਹਿਕੇ ਨਿਰੋਲ ਪਰਉਪਕਾਰ ਵਿਚ ਤਲਵਾਰ ਦਾ ਚਲ ਜਾਣਾ ਹਿੰਸਾ ਨਹੀਂ। ਹਿੰਸਾ ਨਾਲ ਮਾਰੇ ਜਾ ਰਹੇ ਕਮਜ਼ੋਰ ਜੀਵਾਂ ਦੀ ਰਖਜਾ ਤਾਂ ਅਹਿੰਸਾ ਹੈ, ਨਹੀਂ ਤਾਂ ਜ਼ਾਲਮ ਆਪਣੀ ਹਿੰਸਾ ਨੂੰ ਜਾਰੀ ਰਖਦਾ ਹੈ। 'ਇਸ ਹਿੰਸਾ ਨੂੰ ਹੁੰਦੇ ਰਹਣਿ ਦੇਣਾ' ਇਹ ਹਿੰਸਾ ਵਡੀ ਹੈ। ਇਸ ਹਿੰਸਾ ਦੀ ਹਿੰਸਾ ਕਰਨੀ ਅਹਿੰਸਾ ਹੈ। ਜਿਵੇਂ ਰੋਗ ਸਰੀਰ ਨੂੰ ਮਾਰਦਾ ਹੈ, ਔਖਧੀ ਰੋਗ ਨੂੰ ਮਾਰਦੀ

 www.sikhbookclub.com

ਹੈ। ਸੋ ਔਖਧੀ ਰੋਗ ਨੂੰ ਮਾਰਨਹਾਰ ਹੁੰਦੀ ਹੋਈ ਬੀ ਸਰੀਰ ਦੀ ਰੱਖਣਹਾਰ ਹੋਣ ਕਰਕੇ ਅਹਿੰਸਕ ਹੈ।

ਜੋਗੀ- ਸੱਚ ਹੈ, ਹੁਣ ਸਮਝ ਆਈ,ਪਰ ਮਾਲਕ ਜੀਓ! ਖੇਲ ਕਠਨ ਹੈ।

ਗੁਰੂ ਜੀ- ਗੁਰੂ ਨਾਨਕ ਦਾ ਮਾਰਗ ਇਹੋ ਹੈ, ਗ੍ਰਿਹਸਤ ਵਿਚ ਨਿਰਬਾਨ। ਗ੍ਰਿਹਸਤੀ ਨੂੰ ਜੋਗੀ ਗੁਰ ਨਾਨਕ ਨੇ ਆਪਣੇ ਸਹਿਜ ਜੋਗ ਨਾਲ ਬਨਾਇਆ ਹੈ। ਐਸੇ ਗ੍ਰਿਹਸਤੀ ਨੂੰ 'ਸਰਬੱਤ' ਦੇ ਭਲੇ ਲਈ ਅਸਾਂ ਜੁੱਧ ਦੀ ਜਾਚ ਬੀ ਦੱਸੀ ਹੈ ਕਿ ਜੰਗ ਦਾ ਰੰਗ ਬੀ ਆ ਬਣੇ ਤਾਂ ਜੋਗ ਦਾ ਰੰਗ ਨਾ ਟੁੱਟੇ। ਇਸ ਕਰਕੇ ਇਨ੍ਹਾਂ ਨੂੰ ਬਾਣੀ ਦੇ ਲੜ ਲਾ ਰਖਿਆ ਹੈ। ਜੋ ਬਾਣੀ ਦਾ ਨਿਤਨੇਮ, ਪਾਠ, ਵੀਚਾਰ, ਕੀਰਤਨ ਕਰੇਗਾ, ਉਚੇ ਆਦਰਸ਼ ਉਸਦੇ ਮਨ ਅੱਗੇ ਰਹਿਣਗੇ। ਇਨ੍ਹਾਂ ਨੂੰ ਸੱਚ, ਗੁਰ ਨਾਨਕ ਦਾ ਸੱਚ ਸਿਖਾਇਆ ਹੈ ਇਸ ਕਰਕੇ ਇਹ ਨੀਤੀ ਵਿਚ ਕੁਟਲਤਾ, ਛਲ, ਫ਼੍ਰੇਬ, ਧੱਕਾ, ਜ਼ੁਲਮ ਨਹੀਂ ਵਰਤਣਗੇ। ਇਨ੍ਹਾਂ ਦੀ ਵਧਵੀਂ ਅਕਲ, ਨਾਮ ਨਾਲ ਨਿਰਮਲ ਹੋਈ ਅਕਲ ਮੁਸ਼ਕਲਾਂ ਨੂੰ ਸੱਚ ਵਿਚ ਰਹਿਕੇ, ਝੂਠ ਫ਼੍ਰੇਬ ਦੀ ਮਦਦ ਤੋਂ ਬਿਨਾਂ ਹੱਲ ਕਰ ਲਿਆ ਕਰੇਗੀ। ਪਰਤੱਖ ਦੇਖ ਲਓ ਕਿ ਹੁਣ ਕਰ ਰਹੀ ਹੈ, ਸੋ ਅਗੋਂ ਕਰੇਗੀ। ਬਾਣੀ, ਨਾਮ, ਸਤਿਸੰਗ ਏਹ ਤ੍ਰੈ ਰਾਖੇ ਸਿਖਾਂ ਦੇ ਹੋਣਗੇ। ਇਹ ਜਗਤ ਨੂੰ ਦੱਸਣਗੇ ਕਿ 'ਸੱਚ ਤੇ ਨੀਤੀ' 'ਜੰਗ ਤੇ ਅਹਿੰਸਾ' ਕਿਵੇਂ ਕੱਠੇ ਰਹਿੰਦੇ ਹਨ। ਜੇ ਸਿੱਖਾਂ ਨੇ ਬਾਣੀ ਨਾਮ ਛੱਡ ਦਿੱਤਾ ਤੇ ਝੂਠ, ਫ਼ਰੇਬ, ਕਪਟ, ਛਲ, ਦਗੇਬਾਜ਼ੀਆਂ ਦੇ ਮੋਢਿਆਂ ਤੇ ਆਪਣੀ ਨੀਤੀ ਧਰ ਦਿੱਤੀ ਯਾ ਜ਼ੋਰ ਜ਼ੁਲਮ ਤੇ ਉਤਰ ਆਏ ਤਾਂ ਓਹ, 'ਜਗਤ ਦੇ ਬੰਦੇ' ਹੋ ਜਾਣਗੇ, ਗੁਰੂ ਕੇ ਨਹੀਂ ਰਹਿਣਗੇ।

ਜੋਗੀ- ਸੱਚ ਹੈ, ਆਪ ਨੇ ਹੀ ਜੰਗ ਤੇ ਜੋਗ ਦੀਆਂ ਤਲਵਾਰਾਂ ਨੂੰ ਇਕ ਮਿਆਨੇ ਪਾਇਆ ਹੈ। ਧੰਨ ਹੋ। ਆਪ ਪੂਰਨ ਪੁਰਖ ਹੋ, ਨਿਰਵੈਰ ਹੋ, ਨਿਰਭਉ ਹੋ ਤੇ ਤਾਰਨ ਲਈ ਆਏ ਹੋ, ਹਾਂ ਤਾਰਨ ਲਈ ਘੱਲੇ ਗਏ ਹੋ। ਧੰਨ ਹੋ ਆਪ, ਧੰਨ ਹੋ, ਬਾਰੰਬਰ ਹੈ ਜੁਹਾਰ, ਬਾਰੰਬਾਰ ਹੈ ਨਮਸਕਾਰ ਆਪਨੂੰ। ਇਸ ਪੁਰਾਣੇ ਚੋਲੇ ਵਾਲੇ ਸਾਧੂ ਦੀਆਂ ਅੰਜੁਲੀਆਂ[1] ਆਪਦੇ

ਅਰਪਨ ਹਨ, ਅਸੀਸਾਂ ਭੇਟਾ ਹਨ, ਵਾਹਿਗੁਰੂ ਆਪਦੇ ਉੱਦਮ ਨੂੰ ਸਫਲ ਕਰੇ ਤੇ ਆਪਦੀ ਬਖਸ਼ੀ ਦਾਤ ਨਾਲ ਮੈਂ ਨਿਮਾਣੇ ਦੀ ਬੀ ਕਲਜਾਨ ਹੋਵੇ[੨]।

ਸ੍ਰੀ ਗੁਰੂ ਜੀ ਦੇ ਦਰਬਾਰ ਦੇ ਕਵੀ ਸੈਨਾਪਤ ਜੀ ਨੇ ਆਪਣੇ ਅੱਖੀਂ ਦੇਖੇ ਹਾਲ ਗੁਰ ਦਰਬਾਰ ਦੇ ਲਿਖੇ ਹਨ, ਆਪ ਨੇ ਏਹੋ ਆਦਰਸ਼ ਦੱਸਿਆ ਹੈ ਕਿ ਖਾਲਸਾ ਨੂੰ ਤੇਜ, ਜੋਰ ਤੇ ਹੁਕਮ ਬਖਸ਼ਿਆ, ਪਰ ਨਾਲ ਨਾਮ ਸਿਮਰਨ, ਮਨ ਦੀ ਜਿੱਤ, ਵਿਕਾਰਾਂ ਦਾ ਤਜਾਗ ਬੀ ਬਖਸ਼ਿਆ। ਆਪ ਲਿਖਦੇ ਹਨ:-

ਦੋਹਰਾ- ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭ ਸੋਇ।
ਕੀਓ ਦਸੋ ਦਿਸ਼ ਖਾਲਸਾ ਤਾ ਬਿਨ ਅਵਰ ਨ ਕੋਇ।
ਪਉੜੀ- ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।

ਤੇਜ ਵਧਾਕੇ ਜ਼ੋਰਾਵਰ ਬਣਾਕੇ ਨਾਲ ਖਾਲਸੇ ਦਾ ਆਚਰਣ ਕੀਹ ਕਾਇਮ ਕੀਤਾ, ਉਹ ਕਵੀ ਜੀ ਐਉਂ ਦੱਸਦੇ ਹਨ:-

ਸਰਬ ਆਨੰਦ ਗੋਬਿੰਦ ਕੋ ਜਾਪ ਤੇ
ਜਪੋ ਨਿਤ ਨਿੱਤ ਕੈ ਪ੍ਰੀਤਿ ਮੀਤਾ।
ਸਰਬ ਕੋ ਤੰਤ ਯਹਿ ਮੰਤ ਗੁਰਦੇਵ ਕਾ
ਏਕ ਮਨ ਜੀਤ ਸੰਸਾਰ ਜੀਤਾ।
ਸਰਬ ਜੰਜਾਰ ਬੇਕਾਰ[੩] ਛਿਨ ਮੈਂ ਤਜੇ
ਸਰਬ ਗੁਰਦੇਵ ਸਨ ਗਜਾਨ ਗੀਤਾ।
ਭਯੋ ਜੈਕਾਰ ਤ੍ਰੈਲੋਕ ਚੌਦੈ ਭਵਨ,
ਸਤਿਗੁਰੂ ਖਾਲਸਾ ਖਾਸ ਕੀਤਾ। (ਗੁਰ ਸ਼ੋਭਾ)

-o-

੧. ਨਮਸਕਾਰ; ਸਜਦੇ।
੨. ਗੁਰੂ ਜੀ ਇਥੇ ਹੋਰ ਨਹੀਂ ਠਹਿਰੇ, ਇਸ ਜੋਗੀ ਦੀ ਐਉਂ ਕਲਜਾਣ ਕਰਕੇ ਫੇਰ ਛੇਤੀ ਹੀ ਅੱਗੇ ਨੂੰ ਟੁਰ ਗਏ।
੩. ਸਾਰੇ ਜੰਜਾਲ ਜੋ ਵਿਕਾਰਾਂ ਵਿਚ ਫਸਾਉਂਦੇ ਹਨ।

# ਗੀਤ

## ਅਜ ਤੇਰੇ ਘਰ ਆਏ !

ਟੇਕ- ਅਜ ਤੇਰੇ ਘਰ ਆਏ ਸਾਗਰ! ਅਜ ਤੇਰੇ ਘਰ ਆਏ।

{ਕਲਗੀਆਂ ਵਾਲੇ ਦੀ ਚਰਨ ਰਜ ਲੈ ਕੇ ਜਾਂ ਗੋਦਾਵਰੀ ਸਮੁੰਦਰ ਵਿਚ ਪਹੁੰਚੀ ਤਦ ਸਮੁੰਦਰ ਥਰਰ ਥਰਰ ਕਰ ਉਠਿਆ ਤੇ ਪੁੱਛਣ ਲਗਾ:-}

'ਰਜ-ਕਿਣਕੇ' ਕਈ ਭਾਂਤਿ ਭਾਂਤਿ ਦੇ ਚਲਦੇ ਪਾਣੀ ਲਜਾਏ,
'ਰਜ-ਸੋਨਾ' ਬੀ ਨਦੀਆਂ ਨਾਲੇ ਮੈਂ ਵਿਚ ਲੈ ਲੈ ਆਏ;
ਹਨ ਵਡਮੁੱਲੇ, ਪਰ ਜਿੰਦ-ਹੀਣੇ ਕੱਲ ਤਕ ਜੋ ਮੈਂ ਪਾਏ,
ਅਜ ਗੁਦਾਵਰੀ! ਗੋਦ ਆਪਣੀ ਤੂੰ ਜੋ ਕਿਣਕੇ ਚਾਏ,
ਕਿਥੋਂ ਲੈ ਆਈਂ ਹੈਂ? ਸਜਨੀਂ! ਕਿਸ ਜਿੰਦ ਦੇ ਏ ਜਾਏ?
ਏ ਝਰਨਾਂਦੇ, ਥਰਕ ਥਰਕਦੇ, ਜਿੰਦੜੀ ਜਾਂਦੇ ਲਾਏ।

*ਗੁਦਾਵਰੀ ਨੇ ਉੱਤਰ ਦਿਤਾ:-*

"ਜਿੰਦ-ਸਮੁੰਦ" ਜਿਨੂੰ ਜਗ ਆਖੇ ਜੋ 'ਜਿੰਦ-ਰਤਨ' ਲੁਟਾਏ,
ਉਸ ਆ ਮੈਂ ਵਿਚ ਚਰਨ ਛੁਹਾਏ ਝਰਨ ਝਰਨ ਝਰਨਾਏ;
ਥਰਰ ਉਠੀ ਮੈਂ ਜੀਉਂਦੀ ਹੋ ਗਈ ਰਜ ਚਰਨਾਂ ਦੀ ਪਾਏ,

ਓ 'ਰਜ-ਕਿਣਕੇ' ਲਜਾਈਆਂ ਸਾਗਰ ਵਿਰਵਾ ਨਾਂ ਰਹਿ ਜਾਏਂ।
'ਮੁੱਲ ਵਾਲੇ' ਕਿਣਕਿਆਂ ਤੋਂ ਵਧਵੇਂ, ਛੁਹ ਜੁ 'ਅਮੁਲ' ਨੂੰ ਧਾਏ,
ਉਹ ਜਿੰਦ ਪਾਵਣ ਵਾਲੇ ਕਿਣਕੇ ਅਜ ਤੇਰੇ ਘਰ ਆਏ।
'ਚਰਨ ਕਮਲ ਰਜ ਕਣ* ਕਲਗੀਧਰ' ਥਲ ਇਨ ਮੁਏ ਜਿਵਾਏ,
ਅਜ 'ਜਲ'! ਤੈਨੂੰ ਤਾਰਨ ਕਾਰਨ ਮੈਂ ਗੋਦੀ ਬਹਿ ਆਏ
ਹਾਂ, ਤੇਰੇ ਘਰ ਆਏ ਸਾਗਰ! ਅਜ ਤੇਰੇ ਘਰ ਆਏ।
ਚਰਨ ਕਮਲ ਰਜ ਜੀਉਂਦੇ ਕਿਣਕੇ, ਅਜ ਤੇਰੇ ਘਰ ਆਏ।

(ਕੰਬਦੀ ਕਲਾਈ ਪੰਨਾ ੨੨੭)

ਇਸ ਗੀਤ ਦੇ ਗਾਉਣ ਦੇ ਸੁਰ ਤਾਲ-

ਰਾਗ ਪਹਾੜੀ। ਤਾਰ-ਕਹਿਰਵਾ। ਲਯ-ਦਰਮਿਆਨੀ।
'ਆ' ਦਾ ਘਰ-"ਆਏ" ਪਰ ਹੈ।
ਇਸ ਗੀਤ ਨੂੰ ਗਾਉਣ ਲਗਿਆਂ 'ਮਧਰ' ਦੇ ਸੁਰ ਨੂੰ 'ਸਾ' ਮੰਨਕੇ ਗਾਉਣਾ ਚਾਹੀਦਾ ਹੈ।

x x
ਸੁਰ ਖਾਸ-ਸਾ ਰੇ ਗਾ ਮਾ ਪਾ ਧਾ ਨੀ।

---

* ਰਜ ਦੇ ਕਿਣਕੇ। ਭਾਵ-ਚਰਨ ਧੂੜ ਦੇ ਕਿਣਕੇ


www.sikhbookclub.com